# ਅੰਮ੍ਰਿਤ ਕੀਰਤਨ


ਸਤੰਬਰ 2011



SANT BABA SHAM SINGH JI
Courtsy : searchsikhism.com

ਆਨਰੇਰੀ ਸੰਪਾਦਕ
ਡਾ. ਜਾਗੀਰ ਸਿੰਘ

ਮੁੱਲ 15/-



## ਜੋ ਆਇਆ ਸੋ ਚਲਸੀ

ਮੌਤੇ ਪਾਸੋਂ ਮੂਲ ਨ ਡਰੀਏ,
ਇਹ ਤਾਂ ਲੇਖਾ ਪਵੇ ਚੁਕਾਣਾ।

ਵਿਚ ਸੰਸਾਰ ਬਿਤਾਵੇ ਜੀਵਨ,
ਜੋ ਆਇਆ ਤਿਸ ਹੀ ਹੈ ਜਾਣਾ।

ਕਾਹਨੂੰ ਫਿਕਰਾਂ ਦੇ ਵਿਚ ਡੁੱਬੀਏ,
ਇਹ ਕੋਈ ਗੱਲ ਨਿਰਾਲੀ ਨਹੀਂ।

ਸੰਤੋਖ ਬਣੂੰਗਾ ਜਾਣਾ ਇਕ ਦਿਨ
ਸਿਰ ਪਰ ਬੈਠਾ ਥਾਂਣਾ ਏ।

**ਪੁਸਤਕ -ਗੁੱਝੀਆਂ ਰਮਜ਼ਾਂ : ਕਵੀ ਸੁਰਗਵਾਸੀ ਸੰਤ ਸੰਤੋਖ ਸਿੰਘ**

# ਅੰਮ੍ਰਿਤ ਕੀਰਤਨ


ਸੰਪਾਦਕ (ਆਨਰੇਰੀ)

**ਡਾ. ਜਾਗੀਰ ਸਿੰਘ**

ਐਮ.ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀ.ਐਚ.ਡੀ

ਸਹਿਯੋਗੀ

**ਸ. ਹਰਭਜਨ ਸਿੰਘ ▲ ਸ. ਉੱਤਮ ਸਿੰਘ**

ਆਨਰੇਰੀ ਸਲਾਹਕਾਰ

**ਸ: ਹਰਚੰਦਨ ਸਿੰਘ**

- ▲ ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਨ੍ਹਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।
- ▲ 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: ੪/੮/੯੦ ਮਿਤੀ ੨੦/੨/੯੧ ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।
- ▲ Donations are eligible for relief u/s 80 G of Income-Tax Act, 1961 (43 of 1961) vide CIT/-I/ CHD/ Tech./ 80-G/ 2008-939 dated 19-05-2008 valid upto 31/03/2012

ਚੰਦੇ ਦਾ ਵੇਰਵਾ

- ▲ ਦੇਸ਼: ਇਕ ਕਾਪੀ 15 ਰੁ., ਦੇਸ਼ ਸਾਲਾਨਾ ਡਾਕ ਰਾਹੀਂ 150 ਰੁ., ਕੋਰੀਅਰ ਰਾਹੀਂ 500 ਰੁਪਏ
  ਜੀਵਨ ਮੈਂਬਰ 1500 ਰੁ.
- ▲ ਵਿਦੇਸ਼: ਸਲਾਨਾ 30 £, ਜੀਵਨ ਮੈਂਬਰ 300 £
- ▲ 'ਅੰਮ੍ਰਿਤ ਕੀਰਤਨ' ਲਈ ਡਰਾਫਟ
  'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜੇ ਜਾਣ ਜੀ।
  ਜਾਂ State Bank of Patiala ਵਿਚ Amrit Kirtan Trust A/c 65079603302 ਵਿਚ ਸਿੱਧਾ ਜਮਾਂ ਕਰਾ ਕੇ ਸਾਨੂੰ ਸੂਚਿਤ ਕਰੋ ਜੀ

ਚਿੱਠੀ ਪੱਤਰ ਅਤੇ ਰਚਨਾਵਾਂ ਭੇਜਣ ਲਈ ਪਤਾ
ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)
422, ਸੈਕਟਰ 15-ਏ, ਚੰਡੀਗੜ੍ਹ 160 015
ਫੋਨ : 0172-277266●, ●9814● 5363●
e-mail: drjagirsingh@gmail.com
Website : www.amritkirtan.com, www.gurshabad.com

ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼, ਐਸ. ਸੀ. ਐਫ. 107, ਫੇਜ਼-7, ਮੁਹਾਲੀ ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।

**Type Setting & Designed by :**
**Rajpreet Singh Khural - 9915545084**


## ਇਸ ਅੰਕ ਵਿਚ


ਮ੍ਰਿਤ ਅਸਾਡੜੇ ਸੇਈ 4

ਕਰਉ ਬੇਨੰਤੀਆ - ਇੱਕ ਉੱਤਮ ਉਪਰਾਲਾ 5

ਰਾਗ ਰਤਨ ਪਰੀਆ ਪਰਵਾਰ
ਕਰਤਾਰ ਸਿੰਘ ਨੀਲਧਾਰੀ 6

ਆਦਰਸ਼ ਕੀਰਤਨੀਏ ਸੰਤ ਬਾਬਾ ਸ਼ਾਮ ਸਿੰਘ ਜੀ
ਅਵਤਾਰ ਸਿੰਘ ਹੰਸ 10

ਜਨਮ ਸਾਖੀਆਂ ਵਿਚ ਰਾਗੁ ਦਾ ਇਤਿਹਾਸ ਪਰਿਪੇਖ
ਮਨਪ੍ਰੀਤ ਸਿੰਘ 12

**ਰਾਗ ਭੈਰਵ (ਭੈਰਉ)**
**ਡਾ. ਰਾਜੇਸ਼ ਸ਼ਰਮਾ** 18

ਭਗਤੀ ਦੇ ਪਰਿਪੇਖ ਵਿਚ ਸੰਗੀਤ
ਡਾ. ਜਤਿੰਦਰ ਕੌਰ 20

What to do in case your mobile is lost 23

ਸੁਰ ਲਿਪੀ - ਜਬਰਜੰਗ ਸਿੰਘ 24

ਸੁਰ ਲਿਪੀ ਵਾਲੇ ਸ਼ਬਦ ਦੇ ਅਰਥ 26


**Please forward your e-mail id at drjagirsingh@gmail.com**

# ਮਿਤ੍ਰ ਅਸਾਡੜੇ ਸੇਈ

ਅਗਸਤ 2011 ਅੰਕ ਡਾ. ਐਸ. ਐਸ. ਭੱਟੀ ਜੀ ਨੇ ਮੇਰੀ ਲਿਖਤ ਤੇਰਾ ਬੈਕੁੰਠ ਜਹ ਕੀਰਤਨ ਤੇਰਾ ਦੀ ਜੋ ਸਮਾਲੋਚਨਾ ਕੀਤੀ ਹੈ ਉਸ ਨਾਲ ਉਤਸ਼ਾਹ ਹੀ ਮਿਲਿਆ ਹੈ। ਬਹੁਤ ਪਰਚਿਆਂ ਦੇ ਸੰਚਾਲਕ ਹੀ ਕਹਿ ਦੇਂਦੇ ਹਨ ਕਿ ਤੁਹਾਡੇ ਲੇਖਾਂ ਦਾ ਫਲਸਫਾ ਸਾਨੂੰ ਹੀ ਸਮਝ ਨਹੀਂ ਆਇਆ, ਪਾਠਕ ਕੀ ਸਮਝਣਗੇ। ਅਸੀਂ ਪਰਚਾ ਚਲਾਣਾ ਬੰਦ ਨਹੀਂ ਕਰਨਾ। ਸੁਣ ਕੇ ਨਿਰਲੇਪ ਬਨਣਾ ਪੈਂਦਾ ਹੈ। ਬੇਮੌਸਮੇ ਕੋਈ ਬੀਜ ਨਹੀਂ ਉਗਦਾ ਅਤੇ ਜ਼ਰੂਰੀ ਜਲਵਾਯੂ ਧਰਤੀ ਤੋਂ ਬਗੈਰ ਮੌਸਮ ਵਿਚ ਵੀ ਕੋਈ ਬੀਜ ਨਹੀਂ ਉਗਦਾ। ਮੇਰੇ ਪਰਮ ਮਿਤ੍ਰ ਸ੍ਰ: ਹਰਚੰਦ ਸਿੰਘ ਸਰਹਿੰਦੀ ਨੇ ਸਮਝਾਇਆ ਸੀ। ਬਹੁਤ ਸਾਲ ਪਹਿਲਾਂ ਭੱਟੀ ਸਾਹਿਬ ਦੀ ਇਕ ਪੇਂਟਿਕ ਛਪੀ ਦੇਖੀ ਸੀ। ਜਿਸ ਵਿਚ ਉਹਨਾਂ ਕੁੰਡਲਨੀ ਦੇ ਛੇ ਚੱਕਰ ਬਣਾਏ ਸਨ। ਇਸ ਸੰਪਾਦਕੀ ਦੀ ਡਾਕ ਵਿਚ ਉਹਨਾਂ ਦੇ ਵਿਚਾਰਾਂ ਤੋਂ ਗੰਭੀਰ ਆਤਮ ਖੋਜੀ ਰੁਝਾਨ ਦਾ ਪਰਿਚੈ ਮਿਲਦਾ ਹੈ। ਸਾਧੂਵਾਦ* ਸਾਰ ਗਰਭਿਤ ਗੰਭੀਰ ਸਮੀਖਿਆ ਲਈ ਧੰਨਵਾਦ।

ਲੇਖ ਵਿਚ ਤਾਂ ਕੁਝ ਲਿਖਣ ਦੀ ਵਿਸ਼ਾ ਸੀਮਾ ਤੇ ਚਿੰਤਨ ਨਿਸ਼ਚਿਤ ਹੁੰਦਾ ਹੈ। ਅੱਜ ਕੱਲ ਦੇ ਰਾਗੀ ਕਿਸ ਅਧਿਕਾਰ ਨਾਲ ਵਾਹਿਗੁਰੂ ਦਾ ਸਿਮਰਨ ਵਾਜੇ ਨਾਲ ਕਰਦੇ ਕਰਾਂਦੇ ਹਨ? ਅਜਿਹਾ ਸਿਮਰਨ ਕਰਾਉਣ ਲਈ ਸੰਤ ਅਤਰ ਸਿੰਘ ਜੀ ਮਸਤੂਆਣਾ ਵਰਗਾ ਕੋਈ ਮਹਾਨ ਪ੍ਰਕਾਸ਼ੀ ਹੀ ਸੋਭਦਾ ਹੈ। ਅਜਿਹਾ ਕਰਨ ਵਾਲੇ ਕੀਰਤਨੀਏ ਸ਼ਾਸਤਰੀ ਗੁਰਮਤਿ ਰੀਤ ਕੀਰਤਨੀ ਦੇ ਅਭਿਲਾਸੀ ਨਾ ਹੋਣ ਕਰਕੇ ਪ੍ਰਚਾਰਦੇ ਹਨ ਕਿ ਸੰਗਤ ਪਸੰਦ ਨਹੀਂ ਕਰਦੀ। ਸ਼ਾਇਦ ਗੁਰਬਾਣੀ ਸ਼ਬਦ ਕੰਠ ਨਾ ਹੋਣ ਕਰਕੇ ਨਾਮ ਸਿਰਮਨ ਕਰਾ ਕੇ ਸਮਾ ਪੂਰਾ ਕਰਦੇ ਹਨ? ਜੇਕਰ ਕਿਸੇ ਨੇ ਸਿਮਰਨ ਦੀ ਕਮਾਈ ਕੀਤੀ ਹੀ ਹੈ ਤਾਂ ਇਸ ਤਰ੍ਹਾਂ ਕਮਾਈ ਵੰਡਣ ਨਾਲ ਗੋਲਕ ਖਾਲੀ ਹੋ ਜਾਏਗੀ। ਜੇਕਰ ਖਜ਼ਾਨਾ ਕੋਲ ਨਹੀਂ ਤਾਂ ਗੁਰੂ ਘਰ ਦੇ ਕਰਜ਼ਾਈ ਹੋਈ ਜਾਣਗੇ। ਕੀਰਤਨ ਕਰਨ ਵਾਲਿਆਂ ਲਈ ਗੁਰਬਾਣੀ ਸ਼ਬਦਾਂ ਦਾ ਅਖੁੱਟ ਭੰਡਾਰ ਹੈ। ਕੀਰਤਨ ਪ੍ਰਭੂ ਦੀ ਆਰਾਧਨਾ ਹੈ ਅਤੇ ਕੀਰਤਨ ਗੁਰੂ ਨੂੰ ਸੁਣਾਇਆ ਜਾਂਦਾ ਹੈ। ਜੇਕਰ ਸੰਗਤ ਨੂੰ ਸੁਨਾਣ ਦਾ ਹੀ ਧਿਆਨ ਹੋਵੇ ਤਾਂ ਵੀ ਸੰਗਤ ਨੂੰ ਗੁਰੂ ਰੂਪ ਜਾਣ ਕੇ ਗੁਰੂ ਦੀ ਰੁਚੀ ਹੁਕਮ ਗੁਰ ਪ੍ਰਸਾਦਿ ਦਾ ਹੀ ਚਿੰਤਨ-ਮੰਥਨ ਹਿਰਦੇ ਦਾ ਸੌਦਾ ਹੋਣਾ ਚਾਹੀਦਾ ਹੈ।

ਕਰਤਾਰ ਸਿੰਘ ਨੀਲਧਾਰੀ, ਮੋਬਾਇਲ : 9888273360, 9417143360

ਅਗਸਤ ਮਹੀਨੇ ਦਾ ਮੈਗਜ਼ੀਨ ਪ੍ਰਾਪਤ ਹੋਇਆ ਹੈ ਪੜ੍ਹ ਕੇ ਬੜੀ ਖੁਸ਼ੀ ਹੋਈ ਕਵੀ ਸੰਤੋਖ ਸਿੰਘ ਜੀ ਦੀ ਰਚਨਾ ਪੁਸਤਕ ਗੁਝੀਆਂ ਰਮਝਾਂ ਵਿਚੋਂ ਪੂਰਬ ਜਨਮ ਕੇ ਮਿਲੇ ਸੰਜੋਗੀ ਕਰਉ ਬੇਨੰਤੀਆਂ ਦੇ ਵਿਚ ਡਾ. ਜਾਗੀਰ ਸਿੰਘ ਦੇ ਵਿਚਾਰ ਰੋਬਿਨ ਸਿੰਘ ਸ਼ਰਮਾ ਦੀ ਪੁਸਤਕ ਵਿਚੋਂ ਬਹੁਤ ਹੀ ਅਣਮੁੱਲੇ ਵਿਚਾਰ ਸਨ ਸੰਗੀਤ ਦਾ ਬਾਦਸ਼ਾਹ ਤਾਨਸੈਨ ਜੀ ਬਾਰੇ ਬਲਬੀਰ ਸਿੰਘ ਕੰਵਲ ਲੰਡਨ ਦੀ ਲੇਖਣੀ ਆਪਣੀ ਮਿਸਾਲ ਆਪ ਸੀ। ਕਰਮ ਸਿੰਘ ਰਤਨ ਜੀ ਦੇ ਵਿਚਾਰ ਬਹੁਤ ਡੂੰਘੇ ਵਿਚਾਰ ਸਨ ਸਲਾਹੁਣਯੋਗ ਸਨ। ਰਾਗ ਮਾਂਝ ਇਕ ਅਧਿਐਨ ਡਾ. ਰਾਜੇਸ਼ ਸ਼ਰਮਾ ਅਤੇ ਰਾਗ ਮਾਂਝ ਦੇ ਸ਼ਬਦ ਦੀ ਬੰਦਸ਼ ਅਤੇ ਸ਼ਬਦ ਦੇ ਆਦਿਕ ਬਹੁਤ ਹੀ ਸੋਹਣੇ ਢੰਗ ਨਾਲ ਲਿਖੇ ਸਨ।

M.S.Sachdeva, P.Box, No.28,Abohar, Distt. Ferozepur

ਸ: ਕਰਮ ਸਿੰਘ ਰਤਨ ਵੱਲੋਂ ਲਿਖਿਆ ਲੇਖ ਸਰਗੁਣ ਪ੍ਰਮੇਸ਼ਵਰ ਬਹੁਤ ਹੀ ਚੰਗਾ ਅਤੇ ਉੱਤਮ ਲੇਖ ਸੀ। ਬੀਬੀ ਨਰਿੰਦਰ ਕੌਰ ਵੱਲੋਂ ਲਿਖਿਆ ਲੇਖ ਗੁਰੂ ਗ੍ਰੰਥ ਸਾਹਿਬ ਮੇ ਸੰਗੀਤ ਦੀ ਮਹੱਤਤਾ। ਬਾਕੀ ਬੇਨਤੀ ਹੈ ਜਿਸ ਤਰ੍ਹਾਂ ਹੁਣ ਰਾਗ ਮਲਾਰ ਗਾਉਣ ਦਾ ਸਮਾਂ ਹੈ ਰਾਗ ਮਲਾਰ ਦੀ ਬੰਦਸ਼ ਦੀ ਇਸ ਮਹੀਨੇ ਜ਼ਰੂਰ ਛਾਪਣੀ ਚਾਹੀਦੀ ਹੈ। ਹਰ ਇਕ ਰੁੱਤ ਦੀ ਰਾਗ ਦੀ ਬੰਦਸ਼ ਅੰਮ੍ਰਿਤ ਕੀਰਤਨ ਵਿਚ ਜ਼ਰੂਰ ਛਾਪਿਆ ਕਰੋ।

Sant Kuland Singh C/o Daljeet Singh, Ranjeet Smith Motor Store, Opp. Jaswant Cinema, G.T. Road, Malour

# ਇੱਕ ਉੱਤਮ ਉਪਰਾਲਾ

ਪ੍ਰੋਫੈਸਰ ਪਰਮਜੋਤ ਸਿੰਘ ਨੇ ਗੁਰਮਤਿ ਸੰਗੀਤ ਦੇ ਪ੍ਰੇਮੀਆਂ ਦੀ ਝੋਲੀ ਵਿੱਚ ਦੋ ਵਧੀਆ ਪੁਸਤਕਾਂ ਪਾਈਆਂ ਹਨ। ਇਹਨਾਂ ਦੀ ਜਿਤਨੀ ਸ਼ਲਾਘਾ ਕੀਤੀ ਜਾਵੇ ਥੋਹੜੀ ਹੈ।

ਪ੍ਰੋਫੈਸਰ ਪਰਮਜੋਤ ਸਿੰਘ ਨਾਲ ਮੇਰੀ ਪੁਰਾਣੀ ਸਾਂਝ ਹੈ। ਜਦੋਂ ਆਪ ਸ੍ਰੀ ਗੁਰੂਗੋਬਿੰਦ ਸਿੰਘ ਕਾਲਜ ਚੰਡੀਗੜ੍ਹ ਤੋਂ ਨੌਕਰੀ ਛੱਡ ਕੇ ਪੰਜਾਬ ਐਂਡ ਸਿੰਧ ਬੈਂਕ ਵਿੱਚ ਚਲੇ ਗਏ ਤਾਂ ਉਦੋਂ ਹੀ ਪ੍ਰਿੰਸੀਪਲ ਗੁਰਬਖਸ਼ ਸਿੰਘ ਨੇ ਮੈਨੂੰ ਕਾਲਜ ਵਿੱਚ ਸਰਵਿਸ ਕਰਨ ਲਈ ਬੁਲਾ ਲਿਆ। ਕਾਲਜ ਦੇ ਵਿਦਿਆਰਥਆਂ ਕੋਲੋਂ ਮੈਂ ਪ੍ਰੋਫੈਸਰ ਪਰਮਜੋਤ ਸਿੰਘ ਦੀਆਂ ਗਲਾਂ ਬਾਤਾਂ ਸੁਣਦਾ ਰਿਹਾ ਹਾਂ। ਫਿਰ ਜਦੋ ਪੰਜਾਬ ਐਂਡ ਸਿੰਧ ਬੈਂਕ ਵੱਲੋਂ ਜਲੰਧਰ ਵਿਖੇ ਗੁਰਬਾਣੀ ਕੀਰਤਨ ਦੀ ਸੰਭਾਲ ਲਈ ਪੰਜਾਬ ਐਂਡ ਸਿੰਧ ਬੈਂਕ ਡੀਵੇਜ਼ਨਲ ਮਿਊਜ਼ੀਕਲ ਆਰਕਾਈਵਜ਼ ਬਣਾਉਣ ਲਈ ਕਮੇਟੀ ਬਣਾਈ ਤਾਂ ਇਸ ਕਮੇਟੀ ਵਿੱਚ ਮੈਂ ਵੀ ਇੱਕ ਮੈਂਬਰ ਸਾਂ।ਪਰਮਜੋਤ ਸਿੰਘ ਜੀ ਨੂੰ ਇਸ ਆਰਕਾਈਵ ਦਾ ਆਫਿਸ ਇੰਚਾਰਜ ਬਣਾਇਆ ਗਿਆ।ਉਹਨਾਂ ਨੇ ਇਸ ਆਰਕਾਈਵ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਬਹੁਤ ਮਿਹਨਤ ਕੀਤੀ।ਇਸ ਸਮੇਂ ਆਪ ਭਾਈ ਸਮੁੰਦ ਸਿੰਘ ਗੁਰਮਤ ਸੰਗੀਤ ਅਕੈਡਮੀ, ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ, ਲੁਧਿਆਣਾ ਦੇ ਡਾਇਰੈਕਟਰ ਅਤੇ ਸਵਰ ਸਮੁੰਦ ਕੀਰਤਨ ਅਕੈਡਮੀ (ਸੁਕ੍ਰਿਤ ਟਰੱਸਟ) ਮੁੱਲਾਂਪੁਰ (ਲੁਧਿਆਣਾ) ਦੇ ਡੀਨ ਵਜੋਂ ਗੁਰਮਤਿ ਸੰਗੀਤ ਦੀ ਸੇਵਾ ਕਰ ਰਹੇ ਹੋ।

ਆਪ ਨੇ ਜਿਹੜੀਆਂ ਦੋ ਪੁਸਤਕਾਂ ਛਪਵਾਈਆਂ ਹਨ, ਉਹਨਾਂ ਵਿਚੋਂ ਪਹਿਲੀ ਪੁਸਤਕ ਭਾਈ ਸਮੁੰਦ ਸਿੰਘ ਜੀ ਦੁਆਰਾ ਗਾਏ ਸ਼ਬਦਾਂ ਦੀਆਂ ਰੀਤਾਂ ਦਾ ਸੰਗ੍ਰਹਿ ਹੈ ਜੋ **ਸਮੁੰਦ ਸਾਗਰ** ਨਾਮ ਹੇਠ, ਸਿੰਘ ਬ੍ਰਦਰਜ਼, ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ ਵੱਲੋਂ ਪ੍ਰਕਾਸ਼ਤ ਕੀਤਾ ਗਿਆ ਹੈ।ਇਸ ਪੁਸਤਕ ਵਿਚ ਜਿੱਥੇ ਆਪ ਨੇ ਆਪਣੇ ਬਾਰੇ ਕੁਝ ਸ਼ਬਦ ਲਿਖੇ ਹਨ, ਉਥੇ ਭਾਈ ਸਮੁੰਦ ਸਿੰਘ ਜੀ ਦਾ ਜੀਵਨ ਬਿਰਤਾਂਤ ਅਤੇ ਉਹਨਾਂ ਦੀ ਗਾਇਨ ਸ਼ੈਲੀ ਦਾ ਬੜੇ ਸੁਚੱਜੇ ਢੰਗ ਨਾਲ ਵਰਣਨ ਕੀਤਾ ਹੈ। ਆਪ ਜੀ ਨੇ ਭਾਈ ਸਮੁੰਦ ਸਿੰਘ ਜੀ ਪਾਸੋਂ ਗੁਰਮਤਿ ਸੰਗੀਤ ਦੀ ਸਿੱਖਿਆ ਗ੍ਰਹਿਣ ਕੀਤੀ ਅਤੇ ਆਪ ਖੁਦ ਵੀ ਉਹਨਾਂ ਦੀ ਸ਼ੈਲੀ ਅਨੁਸਾਰ ਕੀਰਤਨ ਕਰਦੇ ਹਨ।ਆਪ ਜੀ ਨੇ ਇਸ ਪੁਸਤਕ ਵਿਚ ਭਾਈ ਸਮੁੰਦ ਸਿੰਘ ਜੀ ਵੱਲੋਂ ਵੱਖ ਵੱਖ ਰਾਗਾਂ ਵਿਚ ਗਾਏ ਗਏ ਸ਼ਬਦਾਂ ਦੀਆਂ ਰੀਤਾਂ ਦੀ ਸੁਰ ਲਿਪੀ ਪੇਸ਼ ਕੀਤੀ ਹੈ।

ਉਹਨਾਂ ਨੇ ਰਾਗ ਆਸਾ ਮਾਂਡ, ਰਾਗੁ ਮਾਂਡ, ਰਾਗੁ ਆਸਾਵਰੀ, ਰਾਗੁ ਭੈਰਉ, ਰਾਗੁ ਭੈਰਵ ਬਹਾਰ, ਰਾਗੁ ਨਟ ਭੈਰਵ, ਰਾਗੁ ਅਹੀਰ ਭੈਰਵ, ਰਾਗੁ ਜੋਗੀਆ, ਰਾਗੁ ਭੈਰਵੀ, ਰਾਗੁ ਸਿੰਧ ਭੈਰਵੀ, ਰਾਗੁ ਬਿਲਾਵਲੁ, ਰਾਗੁ ਅਲਈਆ ਬਿਲਾਵਲੁ, ਰਾਗੁ ਪ੍ਰਭਾਤੀ, ਰਾਗੁ ਸੋਰਠਿ, ਰਾਗੁ ਕਲਿਆਣ, ਰਾਗੁ ਸ਼ੁਧ ਕਲਿਆਣ, ਰਾਗੁ ਕਲਿਆਣ ਭੂਪਾਲੀ, ਰਾਗੁ ਕਾਨੜਾ, ਰਾਗੁ ਬਹਾਰ ਕਾਨੜਾ, ਰਾਗੁ ਦਰਬਾਰੀ ਕਾਨੜਾ, ਰਾਗੁ ਖਮਾਜ, ਰਾਗੁ ਦੇਸੀ, ਰਾਗੁ ਭਟਿਆਰ, ਰਾਗੁ ਪਟਦੀਪ, ਰਾਗੁ ਸਾਰੰਗ, ਰਾਗੁ ਪੀਲੂ, ਰਾਗੁ ਬਿਹਾਗ, ਰਾਗੁ ਬਹਾਰ, ਰਾਗੁ ਹਮੀਰ, ਰਾਗੁ ਸਿਰੀਰਾਗੁ, ਰਾਗੁ ਬਸੰਤ ਪੂਰਬੀ, ਰਾਗੁ ਬਸੰਤ ਹਿੰਡੋਲ, ਰਾਗੁ ਟੋਡੀ, ਰਾਗੁ ਕਾਫੀ, ਰਾਗੁ ਪਹਾੜੀ, ਰਾਗੁ ਕੇਦਾਰਾ, ਰਾਗੁ ਮਧੂਵੰਤੀ, ਰਾਗੁ ਚੰਦ੍ਰਕੌਂਸ, ਰਾਗੁ ਮਾਰਵਾ, ਰਾਗੁ ਦੇਵ ਗੰਧਾਰ, ਰਾਗੁ ਧਾਨੀ, ਰਾਗੁ ਹੇਮੰਤ, ਰਾਗੁ ਛਾਇਆ ਨਟ, ਰਾਗੁ ਦੇਸਕਾਰ, ਰਾਗੁ ਪੂਰੀਆ ਧਨਾਸਰੀ, ਰਾਗੁ ਮਾਲਕੌਂਸ, ਰਾਗੁ ਤਿਲੰਗ, ਰਾਗੁ ਝਿੰਝੋਟੀ, ਰਾਗੁ ਰਾਮਕਲੀ, ਰਾਗੁ ਗੂਜਰੀ, ਰਾਗੁ ਬੈਰਾੜੀ, ਰਾਗੁ ਮਾਝ ਆਦਿ ਰਾਗਾਂ ਵਿਚ ਸੁਰ ਲਿਪੀਆਂ ਦੇਣ ਦੇ ਨਾਲ ਨਾਲ ਕੁਝ ਪੁਰਾਤਨ ਧੁਨਾਂ ਅਤੇ ਰਾਗ ਰੀਤਾਂ ਦੀਆਂ ਸੁਰ ਲਿਪੀਆਂ ਵੀ ਲਿਖੀਆਂ ਹਨ। ਇਸ ਤਰ੍ਹਾਂ ਇਹ ਪੁਸਤਕ ਗੁਰਮਤਿ ਸੰਗੀਤ ਦੇ ਵਿਦਿਆਰਥੀਆਂ ਅਤੇ ਕੀਰਤਨੀਆਂ ਲਈ ਇਕ ਅਮੁੱਲ ਖਜ਼ਾਨਾ ਬਣ ਗਈ ਹੈ।

ਪ੍ਰੋ: ਪਰਮਜੋਤ ਸਿੰਘ ਦੀ **ਦੂਜੀ** ਪੁਸਤਕ **ਹਰਿ ਕੀਰਤਨ ਮਹਿ ਊਤਮ ਧੁਨਾ** ਹੈ।ਇਸ ਪੁਸਤਕ ਵਿਚ ਆਪ ਜੀ ਨੇ ਆਪਣੇ ਪਿਤਾ ਜੀ ਗਿਆਨੀ ਇੰਦਰ ਸਿੰਘ ਜੀ ਦੀਆਂ ਗਾਈਆਂ ਬੰਦਿਸ਼ਾਂ ਦੀ ਸੁਰ ਲਿਪੀ ਪ੍ਰਕਾਸ਼ਤ ਕੀਤੀ ਹੈ। ਗਿਆਨੀ ਇੰਦਰ ਸਿੰਘ ਜੀ ਆਪਣੇ ਸਮੇਂ ਦੇ ਪ੍ਰਸਿੱਧ ਕੀਰਤਨੀਏ ਸਨ ਅਤੇ ਉਹ ਭਾਈ ਸਮੁੰਦ ਸਿੰਘ ਜੀ ਦੇ ਵੀ ਨਿਕਟਵਰਤੀ ਸਨ। ਪ੍ਰੋ: ਪਰਮਜੋਤ ਸਿੰਘ ਜੀ ਨੇ ਗਿਆਨੀ ਇੰਦਰ ਸਿੰਘ ਜੀ ਦੀਆਂ ਵੱਖ ਵੱਖ ਰਾਗਾਂ ਵਿਚ ਅਤੇ ਤਾਲਾਂ ਵਿਚ ਗਾਇਨ ਕੀਤੀਆਂ ਬੰਦਸ਼ਾਂ ਦੀ ਸੁਰ ਲਿਪੀ ਪ੍ਰਕਾਸ਼ਤ ਕਰਕੇ ਆਪਣੇ ਪਿਤਾ ਜੀ ਨੂੰ ਸੱਚੀ ਸ਼ਰਧਾਂਜਲੀ ਪੇਸ਼ ਕੀਤੀ ਹੈ। ਅਸੀਂ ਪ੍ਰੋ: ਪਰਮਜੋਤ ਸਿੰਘ ਜੀ ਦਾ ਧੰਨਵਾਦ ਕਰਦੇ ਹੋਏ ਉਹਨਾਂ ਨੂੰ ਵਧਾਈ ਦਿੰਦੇ ਹਾਂ ਅਤੇ ਗੁਰਮਤਿ ਸੰਗੀਤ ਪ੍ਰੇਮੀਆਂ ਨੂੰ ਇਹ ਪੁਸਤਕਾਂ ਖਰੀਦਣ, ਪੜ੍ਹਨ ਅਤੇ ਇਹਨਾਂ ਤੋਂ ਲਾਭ ਪ੍ਰਾਪਤ ਕਰਨ ਲਈ ਬੇਨਤੀ ਕਰਦੇ ਹਾਂ।

# ਰਾਗ ਰਤਨ ਪਰੀਆ ਪਰਵਾਰ

ਕਰਤਾਰ ਸਿੰਘ ਨੀਲਧਾਰੀ

ਸਿੱਖ ਧਰਮ ਦੇ ਪ੍ਰਵਰਤਕ ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਜਾਨਸ਼ੀਨ ਸਤਿਗੁਰੂਆਂ ਦੇ ਜੀਵਨ ਅਤੇ ਗੁਰਬਾਣੀ ਦੇ ਸਮੀਖਿਆਕਾਰ ਵਿਦਵਾਨ ਗੁਰਬਾਣੀ ਦੇ ਮੂਲ ਸਰੂਪ ਅਤੇ ਆਵਹਨ ਦੇ ਅਧਿਆਤਮਕ ਪੱਖ ਨੂੰ ਸਵੀਕਾਰ ਕਰਦੇ ਹੋਏ ਵੀ ਸਾਹਿਤਕਾਰੀ ਸੀਮਾਵਾਂ ਤਕ ਸੀਮਤ ਰਹਿੰਦੇ ਹਨ। ਹਜ਼ਰਤ ਮੁਹੰਮਦ ਅਨਪੜ੍ਹ ਕਹੇ ਜਾਂਦੇ ਹਨ ਇਹ ਵੀ ਹਕੀਕਤ ਹੈ ਕਿ ਬੀਬੀ ਖਦੀਜਾ ਦੇ ਵਿਆਪਾਰ-ਪ੍ਰਸਾਰ ਨੂੰ ਬਖੂਬ ਸੰਭਾਲਦੇ ਸਨ। ਬੀਬੀ ਖਦੀਜਾ ਨਾਲ ਵਿਆਹ ਕਰ ਲੈਣ ਤੋਂ ਬਾਦ ਪੁਰਾਤਨ ਜਨਮ ਜਾਂ ਦਰਗਾਹੋਂ ਮਿਲੇ ਬੰਦਗੀ ਸੰਸਕਾਰ ਜਾਗ੍ਰਤ ਹੋਏ ਤੇ ਇਕ ਦਿਨ ਉਸ ਰੰਗ ਵਿਚ ਉਹਨਾਂ ਨੇ ਬੀਬੀ ਖਦੀਜਾ ਨੂੰ ਕਿਹਾ-ਲਿਖ। ਬੀਬੀ ਖਦੀਜਾ ਨੇ ਆਵਾਜ਼ ਦਾ ਪਰੀਵਰਤਨ ਅਤੇ ਰੂਹਾਨੀ ਸੁਰ ਨੂੰ ਪਹਿਚਾਨ ਕੇ ਲਿਖਣਾ ਸ਼ੁਰੂ ਕੀਤਾ। ਇਸ ਤਰ੍ਹਾਂ ਕੁਰਾਨ ਸ਼ਰੀਫ ਨਾਮੀ ਚੌਥੀ ਪਵਿੱਤਰ ਕਿਤਾਬ (ਸਾਮੀ ਸਭਿਅਤਾ ਦੀ ਤੌਰੇਤ, ਜੰਬੂਰ ਤੇ ਬਾਈਬਲ ਤੋਂ ਬਾਦ) ਹੋਂਦ ਵਿਚ ਆਈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਮੁਢਲੇ ਉਪਦੇਸ਼ ਸ਼ਲੋਕ ਰੂਪੀ ਰਾਗ ਰਹਿਤ ਬਾਣੀ ਦੁਆਰਾ ਹੀ ਦਿੱਤੇ ਸਨ। ਮਿੱਤਰ ਤੇ ਆਸ਼੍ਰਤ ਭਾਈ ਮਰਦਾਨਾ ਨੂੰ ਉਦਾਸੀਆਂ ਦਾ ਸਾਥੀ ਬਣਾ ਕੇ ਸਾਰੇ ਭ੍ਰਮਣ ਵਿਚ ਰਾਗ ਸਹਿਤ (ਸ਼ਬਦ) ਬਾਣੀ ਦਾ ਉਚਾਰਣ ਤੇ ਗਾਇਨ ਕੀਤਾ ਤੇ ਆਪਣੇ ਕੋਲ ਰੱਖੀ ਕਿਤਾਬ ਵਿਚ ਦਰਜ ਵੀ ਕਰਦੇ ਰਹੇ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ 19 ਰਾਗਾਂ ਵਿਚ ਬਾਣੀ ਉਚਾਰਨ ਕੀਤੀ। ਗੁਰਬਾਣੀ ਦੇ ਰਾਗ ਗਾਇਨ ਦੇ ਸਮੇਂ ਦੀ ਮਰਯਾਦਾ ਅਨੁਸਾਰ ਹੀ ਇਸ ਰਾਗ ਸਹਿਤ ਬਾਣੀ ਦਾ ਗਾਇਨ-ਅਵਰਤਣ ਹੋਇਆ ਸੀ। ਇਕ ਸਮੇਂ ਸੀਮਾ ਦੇ ਅਨੇਕ ਰਾਗਾਂ ਵਿਚੋਂ ਸਨਮੁੱਖ ਬੈਠੀ ਸੰਗਤਾਂ ਤੇ ਜਿਗਿਆਸੂਆਂ ਦੀ ਸੁਵਿਧਾ ਦਾ ਵੀ ਜ਼ਰੂਰ ਧਿਆਨ ਰੱਖਿਆ ਗਿਆ ਹੋਵੇਗਾ। ਰਾਗ ਦੀ ਗਾਇਨ ਸਮਾਂ-ਮਰਯਾਦਾ ਦੇ ਨਾਲ ਮੌਸਮ ਦੀ ਮਰਯਾਦਾ ਵੀ ਜੁੜੀ ਹੁੰਦੀ ਹੈ। ਸਫਲ ਸੰਗੀਤਕਾਰ ਦੇਸ਼-ਕਾਲ-ਪਾਤਰ ਦੇ ਸਾਰੇ ਸੰਦਰਭ ਵਿਚਾਰ ਕੇ ਜਦੋਂ ਆਪਣੀ ਕਲਾ ਦੀ ਪੇਸ਼ਕਾਰੀ ਕਰਦਾ ਹੈ ਤਾਂ ਸਭ ਪਾਸਿਓਂ ਪ੍ਰਸ਼ੰਸਾ ਪ੍ਰਾਪਤ ਕਰਦਾ ਹੈ। ਸੰਗੀਤਕਾਰ ਗੁਰੂ ਆਦੇਸ਼ ਦੇਂਦਾ ਹੈ: ਮਰਦਾਨਿਆਂ, ਰਬਾਬ ਵਜਾ ਬਾਣੀ ਆਈ ਏ। ਗੁਰੂ ਜੀ ਦੇ ਮਨ ਦਾ ਸਰੂਪ ਭਾਈ ਮਰਦਾਨਾ ਗੁਰੂ ਜੀ ਦੇ ਮਨ ਦੀ ਅੰਦਰਲੀ ਖੁਸ਼ੀ ਅਨੁਸਾਰ ਸਮੁਚਿਤ ਰਾਗ ਦੀਆਂ ਤਰਬਾਂ ਛੇੜ ਦੇਂਦਾ। ਉਸ ਸਮੇਂ ਬਾਣੀ ਭੇਜਣ ਵਾਲਾ, ਬਾਣੀ ਗਾਇਨ ਕਰਨ ਵਾਲਾ, ਰਬਾਬ ਤੇ ਰਬਾਬੀ ਦੇ ਨਾਲ ਸ੍ਰੋਤਾ ਵੀ ਵਜਦ ਵਿਚ ਆ ਜਾਂਦੇ ਸਨ। ਸ੍ਰੀ ਗੁਰੂ ਨਾਨਕ ਦੇਵ ਜੀ ਰਾਹੀਂ ਗੁਰਬਾਣੀ ਦੇ ਅਵਤਰਣ ਗਾਇਨ ਦੀ ਪਰੰਪਰਾ ਪੰਜਾਂ ਗੁਰੂਆਂ ਤਕ ਕਾਇਮ ਰਹੀ। ਪੰਚਮ ਗੁਰੂ ਨਾਨਕ ਸ੍ਰੀ ਗੁਰੂ ਅਰਜਨ ਦੇਵ ਨੇ ਇਸ ਸੰਸਾਰ ਨੂੰ ਨਿਰੋਲ ਅਧਿਆਤਮਕਤਾ ਅਤੇ ਜੀਵਾਤਮਾ-ਪਰਮਾਤਮਾ ਦੇ ਸੰਵਾਦ, ਸੰਪਰਕ ਤੇ ਸੰਧੀ (ਯੋਗ) ਨਾਲ ਜੁੜੀ ਗੁਰਬਾਣੀ ਦਾ ਗ੍ਰੰਥ ਪ੍ਰਦਾਨ ਕੀਤਾ-ਸ੍ਰੀ ਗੁਰੂ ਗ੍ਰੰਥ ਸਾਹਿਬ-ਜਿਹੜਾ ਆਪਣੇ ਅੱਖਰਾਂ ਵਿਚ-ਪੋਥੀ ਪਰਮੇਸ਼ਰ ਕਾ ਥਾਨ ਦੇ ਪਰਿਚੈ ਨਾਲ ਪਰਤਮਾਤਮਾ ਦਾ ਗੱਦੀ ਨਸ਼ੀਨ "ਸ਼ਬਦ ਗੁਰੂ" ਰੂਪ ਦੱਸਿਆ ਗਿਆ। ਏਹੋ ਸੰਗਿਆ ਇਸ ਗੁਰੂ ਗ੍ਰੰਥ ਲਈ ਜੱਗ ਪ੍ਰਸਿੱਧ ਹੋਈ।

ਛੇਵੇਂ, ਸੱਤਵੇਂ ਤੇ ਅੱਠਵੇਂ ਗੁਰੂ ਨਾਨਕ ਸਰੂਪਾਂ ਨੇ ਨਿਜੀ ਰੂਪ ਵਿਚ ਗੁਰਬਾਣੀ (ਕਾਵਿ-ਰੂਪ) ਨਹੀਂ ਉਚਾਰੀ। ਗੁਰੂ ਜੀ ਦੇ ਬਚਨ (ਬਾਣੀ ਤੇ ਵਾਰਤਕ) ਹਮੇਸ਼ਾ ਹੀ ਸਮ੍ਰਿਤੀ ਦਾ ਵਿਸ਼ਾ ਰਹੇ ਹਨ। ਸ਼ਰੁਤੀ (ਕੰਠਾਗ੍ਰ) ਬਾਣੀ ਦਾ ਕਾਵਿਮਾਈ ਹੋਣਾ ਜ਼ਰੂਰੀ ਹੈ। ਇਸ ਸਮੇਂ (ਸਨ 1606-ਸਨ 1666) ਦੇ ਅੰਤਰਾਲ ਵਿਚ ਨਿਤਨੇਮੀ ਗੁਰਬਾਣੀ ਕੀਰਤਨ ਦੇ ਨਾਲ ਵਾਰਾਂ ਨੂੰ ਬੀਰ ਰਸੀ ਧੁਨਾਂ ਨਾਲ ਜੋੜ ਕੇ ਢਾਡੀਆਂ ਰਾਹੀਂ ਗਾਇਨ ਦਾ ਪ੍ਰਚਲਨ ਵੀ ਜੋੜਿਆ ਗਿਆ। ਨੌਵੇਂ ਗੁਰੂ ਜੀ ਦੀ ਸ਼ਬਦ ਤੇ ਸਲੋਕ ਰੂਪੀ ਗੁਰਬਾਣੀ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਮੂਲ ਆਦਿ ਗ੍ਰੰਥ ਦੇ ਉਤਾਰੇ ਵਿਚ ਥਾਂ ਸਿਰ ਦਰਜ ਕਰਕੇ ਇਸ ਪ੍ਰਚਲਿਤ ਦਮਦਮੀ (ਪੂਰਨ) ਗ੍ਰੰਥ (ਗੁਰੂ) ਆਕਾਰ ਦਿੱਤਾ ਜੋ ਸਰਬ ਵਿਦਤ ਪ੍ਰਚਲਿਤ ਹੈ।

ਸ੍ਰੀ ਗੁਰੂ ਅੰਗਦ ਦੇਵ ਜੀ ਦੇ ਸੰਤ ਡੇਰੇ ਖਡੂਰ ਵਿਚ ਰਬਾਬੀਆਂ ਰਾਹੀਂ ਕੀਰਤਨ ਦਾ ਨਿਤਨੇਮ ਸਥਾਪਿਤ ਹੋਇਆ। ਸ੍ਰੀ ਗੁਰੂ ਅੰਗਦ ਦੇਵ ਜੀ ਨੇ ਕੇਵਲ ਸ਼ਲੋਕ ਰੂਪੀ ਗੁਰਬਾਣੀ ਉਪਦੇਸ਼ ਹੀ ਪ੍ਰਗਟ ਕੀਤਾ। ਆਪ ਦੇ ਨਿਜੀ ਉਚਾਰਣ-ਅਵਤਰਣ ਵਿਚ ਰਾਗ ਸਹਿਤ ਇਕ ਸ਼ਬਦ ਵੀ ਦਰਜ ਨਹੀਂ ਹੋਇਆ। ਤੀਸਰੇ ਗੁਰੂ ਸ੍ਰੀ ਗੁਰੂ ਅਮਰਦਾਸ ਜੀ ਨੇ ਸ਼ਬਦ ਤੇ ਸਲੋਕ ਦੁਹਾਂ ਕਿਸਮ ਤੀ ਬਾਣੀ ਦਾ ਉਚਾਰਣ-ਅਵਤਰਨ ਸਮੇਂ ਸਮੇਂ ਨਾਲ ਕੀਤਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦੀ ਗੁਰਬਾਣੀ 19 ਰਾਗਾਂ ਵਿਚ ਮਿਲਦੀ ਹੈ ਅਤੇ ਸ੍ਰੀ ਗੁਰੂ ਅਮਰਦਾਸ ਜੀ ਦੀ ਬਾਣੀ ਪਹਿਲਾਂ ਵਰਤੇ 19 ਰਾਗਾਂ ਵਿਚੋਂ 17 ਰਾਗਾਂ ਵਿਚ ਮਿਲਦੀ ਹੈ। ਉਹਨਾਂ

ਤੁਖਾਰੀ ਅਤੇ ਤਿਲੰਗ ਦੀ ਵਰਤੋਂ ਨਹੀਂ ਕੀਤੀ।

ਅਕਾਦਮਿਕ ਵਿਦਵਾਨ ਦ੍ਰਿਸ਼ਮਾਨਤਾ ਦੇ ਸੰਦਰਭ ਵਿਚ ਬੌਧਿਕ ਸ਼ਬਦ-ਜਾਲ ਬੁਣਦੇ ਰਹਿੰਦੇ ਹਨ ਕਿ ਅਮੁਕ ਗੁਰੂ ਨੇ ਜਾਂ ਸੰਤ-ਭਗਤ-ਫਕੀਰ ਨੇ ਰਾਗ ਵਿਦਿਆ ਕਿੱਥੋਂ, ਕਦੋਂ ਤੇ ਕਿਵੇਂ ਸਿੱਖੀ। ਗੁਰਬਾਣੀ ਸਿਧਾਂਤ ਅਨੁਸਾਰ ਬੰਦਗੀ ਕਰਨ ਵਾਲੇ ਲਈ ਰਿੱਧੀਆਂ, ਸਿੱਧੀਆਂ ਤੇ ਨੌਨਿੱਧੀਆਂ ਦੀ ਸੁਵਿਧਾ ਸਦਾ ਸੁਲਭ ਹੋ ਜਾਂਦੀ ਹੈ। ਤ੍ਰਿਗੁਣਾਤਮਕ ਤ੍ਰਿਆਯਾਮੀ ਸੰਸਾਰ ਦੀ ਸਰਬਸ੍ਰੇਸ਼ਟ ਕਿਰਤ ਵਿਚ ਮਨੁੱਖ ਜਦੋਂ ਚੌਥੇ ਪਦ ਜਾਂ ਚੌਥੇ ਅਯਾਮ ਵਿਚ ਪ੍ਰਵੇਸ਼ ਕਰ ਜਾਂਦਾ ਹੈ ਤਾਂ ਸਾਰੀਆਂ ਵਿਦਿਆਵਾਂ ਕਲਾਵਾਂ ਉਸ ਦੀ ਸੇਵਾ ਵਿਚ ਹਾਜ਼ਰ ਹੋ ਜਾਂਦੀਆਂ ਹਨ। ਪਾਤੰਜਲ ਯੋਗ ਦੇ ਫਲਸਫੇ ਦੇ ਵਿਚ ਵੀ ਇਸ ਤੱਥ ਨੂੰ ਸਵੀਕਾਰ ਤੇ ਉਜਾਗਰ ਕੀਤਾ ਗਿਆ ਹੈ। ਜਿਹੜੇ ਮਹਾਂਪੁਰਖ ਪਰਮੇਸ਼ਰ ਦੀ ਹੁਕਮ ਵਿਚ ਲੋਕਾਈ ਦੇ ਕਲਿਆਨ ਦੇ ਮਾਰਗ ਤੇ ਤੁਰਦੇ ਹਨ ਤਾਂ ਉਹਨਾਂ ਨੇ ਕਰਮਖੇਤਰ ਦੇ ਅਨੁਰੂਪ ਅਤੇ ਸਹਿਯੋਗੀ ਵਿਦਿਆਵਾਂ ਉਹਨਾਂ ਦੀ ਰਸਨਾ ਤੇ ਆ ਜਾਂਦੀਆਂ ਹਨ।

ਸੁਖਮਨੀ ਸਾਹਿਬ ਨਾਮੀ ਗੁਰਬਾਣੀ ਦਾ ਰਹਾਓ ਨਾਮ ਸਿਮਰਨ ਦੇ ਅੰਮ੍ਰਿਤ ਆਨੰਦ ਦਾ ਸਾਰ ਪ੍ਰਗਟ ਕਰਦਾ ਹੈ:

ਸੁਖਮਨੀ ਸੁਖ ਅੰਮ੍ਰਿਤ ਪ੍ਰਭ ਨਾਮੁ ॥
ਭਗਤ ਜਨਾ ਕੇ ਮਨਿ ਬਿਸ੍ਰਾਮੁ ॥

ਅਨੁਸਾਰ ਪ੍ਰਭੁ ਦੇ ਅੰਮ੍ਰਿਤ ਰੂਪੀ ਉਜਾਗਰ ਜਾਂ ਪ੍ਰਾਪਤ ਨਾਮ ਦੇ ਸੁਖ ਦਾ ਨਾਮ ਹੀ ਸੁਖਮਨੀ ਹੈ। ਭਗਤ ਜਨਾਂ ਦਾ ਮਨ ਇਸ ਨਾਮ ਦੇ ਸੁਖਾਂ ਵਿਚ ਸਥਿਰ ਹੋ ਕੇ ਏਕਾਤਮ ਹੋ ਜਾਂਦਾ ਹੈ। ਗੁਰਪ੍ਰਸਾਦਿ ਨਾਲ ਇਕ ਗੁਰ ਸਿੱਖ ਲਈ ਇਹ ਸੁਖ ਮਾਰਗ ਸੁਲਭ ਹੋ ਸਕਦੇ ਹਨ:

ਜਾ ਤੂੰ ਤੁਸਹਿ ਮਿਹਰਬਾਨ    ਅਚਿੰਤੁ ਵਸਹਿ ਮਨ ਮਾਹਿ ॥
ਜਾ ਤੂੰ ਤੁਸਹਿ ਮਿਹਰਬਾਨ    ਨਉਨਿਧਿ ਘਰ ਮਹਿ ਪਾਹਿ ॥
ਜਾ ਤੂੰ ਤੁਸਹਿ ਮਿਹਰਬਾਨ    ਤਾ ਗੁਰ ਕਾ ਮੰਤ੍ਰੁ ਕਮਾਹਿ ॥
ਜਾ ਤੂੰ ਤੁਸਹਿ ਮਿਹਰਬਾਨ    ਤਾ ਨਾਨਕ ਸਚਿ ਸਮਾਹਿ ॥

(578-ਸਲੋਕ ਮਹਲਾ : ੫ ਵਾਰ ਗੁਜਰੀ)

ਸੁਖਮਨੀ ਸਾਹਿਬ ਦੇ ਰਹਾਓ ਦਾ ਜਾਂ ਉਪਰੋਕਤ ਸ਼ਲੋਕ ਵਿਚ ਦਰਜ ਅੰਮ੍ਰਿਤ ਪ੍ਰਾਪਤੀਆਂ ਦਾ ਸਿੱਧਾ ਸੰਬੰਧ ਚੌਥੇ ਪਦ ਜਾਂ ਚੌਥੇ ਆਯਾਮ ਨਾਲ ਹੀ ਜੁੜਿਆ ਹੋਇਆ ਹੈ। ਯੋਗਮਤ ਅਨੁਸਾਰ ਇੜਾ ਪਿੰਗਲਾ ਸੁਖਮਨਾ ਰਾਹੀਂ ਸੁਵਾਸ ਕ੍ਰਿਯਾ ਸਾਧਨਾ (ਪ੍ਰਾਣਾਯਾਮ) ਕਰਕੇ ਹੀ ਸੁਖਮਨਾਂ ਵਿਚ ਦੀਰਘ ਪ੍ਰਵੇਸ਼ ਨਾਲ ਆਗਿਆ ਚੱਕਰ (ਤ੍ਰਿਕੁਟੀ) ਖੁੱਲਦਾ ਹੈ। ਇਸ ਪ੍ਰਾਪਤੀ ਤੋਂ ਬਗੈਰ ਸੁਖਮਨੀ ਦੀ ਸ਼ਬਦ ਜਾਲ ਨਾਲ ਵਰਣਿਤ ਕਰਨ ਵਾਲਾ ਵਿਸ਼ਾ ਨਹੀਂ। ਆਤਮ ਅਨੁਭਵ ਤੋਂ ਬਗੈਰ ਇਸ ਅੰਮ੍ਰਿਤ-ਆਨੰਦ ਧਾਰਾ ਦੀ ਸਾਰ ਨਹੀਂ ਲਗ ਸਕਦੀ। ਆਤਮ ਪ੍ਰਕਾਸ਼ੀ ਸੰਤਾਂ-ਭਗਤਾਂ ਨੂੰ ਜਦੋਂ ਲੋਕ-ਕਲਿਆਨ ਦਾ ਆਦੇਸ਼ ਮਿਲਿਆ ਤਾਂ ਨਾਲ ਹੀ ਲੋੜੀਂਦੀ ਵਿੱਦਿਆਵਾਂ ਤੇ ਕਲਾਵਾਂ ਦੀ ਵਰਤੋਂ ਦੀ ਸੁਵਿਧਾ ਵੀ ਮਿਲ ਗਈ। ਜਿਹੜੇ ਆਤਮ ਪ੍ਰਕਾਸ਼ੀ ਸਾਧਾਂ ਨੇ ਲੋਕਾਈ ਨੂੰ ਨਾਮ ਬਾਣੀ ਨਾਲ ਜੋੜਨ ਦੀ ਸੇਵਾ ਲਈ ਉਹਨਾਂ ਦੇ ਬਚਨਾਂ ਵਿਚੋਂ ਵੀ ਇਹਨਾਂ ਸੰਗੀਤ ਰਾਗਾਂ ਦਾ ਗੰਭੀਰ ਗਿਆਨ ਹੋਣ ਦਾ ਪਰਿਚੈ ਸੰਗਤਾਂ ਨੂੰ ਮਿਲਦਾ ਹੈ।

ਗਰੀਬ ਨਿਵਾਜ਼ ਸੰਤ ਹਰਨਾਮ ਸਿੰਘ ਜੀ ਕਿਲੇ ਵਾਲੇ। (ਕਿਲਾ ਸੂਬਾ ਸਿੰਘ ਅੱਜਕੱਲ ਕਿਲਾ ਕਲੋਰ-ਪਾਕਿਸਤਾਨ) ਦੇਸ਼ ਵੰਡ ਬਾਦ ਨੌਸ਼ਹਿਰਾ ਮੱਝਾ ਸਿੰਘ (ਗੁਰਦਾਸਪੁਰ) ਵਿਚ ਟਿਕੇ। ਆਪ ਨੂੰ 16 ਸਾਲ ਦੀ ਅਵਸਥਾ ਵਿਚ ਮਸਤੀ ਦਾ ਪਹਿਰਾ ਆਇਆ ਤੇ ਆਖਿਰ ਹਰਿਮੰਦਰ ਸਾਹਿਬ ਪੁਰਾਨੇ ਜੋੜਿਆਂ ਵਾਲੇ ਸਥਾਨ ਤੇ ਅਕਾਲ ਪੁਰਖ ਨਾਲ ਸਾਖਿਆਤਕਾਰ ਹੋਇਆ। ਕਰੀਬਨ ਤੀਹ ਸਾਲ ਦੀ ਉਮਰ ਵਿਚ ਦਾਨੀ ਬਿਰਤੀ ਵਿਚ ਆਏ। ਮਸਤੀ ਦਾ ਸਰੂਰ ਸਾਰੀ ਉਮਰ (ਸੰਨ 1877-1980) ਤਕ ਰਿਹਾ। ਆਪ ਲੋਕ ਕਲਿਆਨ ਲਈ ਦਾਨੀ ਬਿਰਤੀ ਵਿਚ ਨਾਮ ਬਾਣੀ ਦਾ ਉਪਦੇਸ਼ ਦੇਂਦੇ ਹੋਏ ਵੀ ਸਦਾ ਤੁਰੀਆ ਅਵਸਥਾ ਵਿਚ ਰਹਿੰਦੇ ਸਨ। ਦਾਨੀ ਬਿਰਤੀ ਵਿਚ ਉਹਨਾਂ ਨੇ ਅੰਮ੍ਰਿਤ ਵੇਲੇ ਤੇ ਸ਼ਾਮ ਦੇ ਕੀਰਤਨ ਦਾ ਨਿਤਨੇਮ ਸ਼ੁਰੂ ਕੀਤਾ। ਅੰਮ੍ਰਿਤ ਵੇਲੇ 3-4 ਵਜੇ ਆਸਾ ਦੀ ਵਾਰ ਆਪ ਹੀ ਗਾਇਨ ਕਰਦਿਆਂ ਦੇ ਦਰਸ਼ਨ 1950-70 ਤਕ ਨਿੱਜੀ ਤੌਰ 'ਤੇ ਕੀਤੇ ਹਨ। ਸੰਤ ਜੀ ਮਹਾਰਾਜ ਕੀਰਤਨ ਕਰਦੇ ਹੋਏ ਬਹੁਤੀ ਵਾਰ ਦੁਪਹਿਰ ਲੈ ਆਉਂਦੇ। ਆਸੀ ਦੀ ਵਾਰ ਦੀ ਚੌਂਕੀ, ਰਾਮਕਲੀ ਦੀ ਚੌਂਕੀ, ਬਿਲਾਵਲ ਦੀ ਚੌਂਕੀ ਆਦਿਕ ਹਰੇਕ ਚੌਂਕੀ ਦੇ ਭੋਗ ਸਮੇਂ ਕੜਾਹ ਪ੍ਰਸਾਦਿ ਜ਼ਰੂਰ ਵਰਤਾਇਆ ਜਾਂਦਾ ਸੀ। ਆਪ ਦਾ ਬਚਨ ਸੀ ਕੜਾਹ ਪ੍ਰਸਾਦਿ ਦਾ ਵਰਤਾਰਾ ਇਨਾ ਕੁ ਹੋਣਾ ਚਾਹੀਦਾ ਹੈ ਕਿ ਛੱਕ ਕੇ ਹੋਰ ਆਹਾਰ ਦੀ ਲੋੜ ਨਾ ਰਹੇ। ਕੀਰਤਨ ਦੇ ਅਜੋਕੇ ਬਹਿਰ ਵਿਚ ਇਕ ਵਿਦਵਾਨ ਸੈਂਚੀਆਂ ਲੈ ਕੇ ਕੋਲ ਬਿਠਾਇਆ ਜਾਂਦਾ ਸੀ। ਕੋਈ ਰਾਗੀ-ਰਬਾਬੀ ਗੁਰਬਾਣੀ ਗਾਇਨ ਵਿਚ ਲਗ ਮਾਤਰਾ ਦੀ ਗਲਤੀ ਕਰਦਾ ਤਾਂ ਉਸੇ ਸਮੇਂ ਉਸਨੂੰ ਸੋਧ ਕਰਾਈ ਜਾਂਦੀ ਸੀ। ਸੰਤ ਜੀ ਮਹਾਰਾਜ ਦੀ ਹਜੂਰੀ ਵਿਚ ਪੰਥ ਦੇ ਸਾਰੇ ਸ੍ਰੇਸ਼ਟ ਕੀਰਤਨੀਏ ਹਾਜਰੀ ਭਰ ਕੇ ਆਪਣਾ ਜਨਮ ਸਫਲ ਹੋਇਆ ਸਮਝਦੇ ਸਨ। ਉਹਨਾਂ ਦੇ ਸਮੇਂ ਵਿਚ ਕੀਰਤਨੀਆ ਸਮੇਂ ਦੇ ਰਾਗ ਤੋਂ ਬਾਹਰ ਕਿਸੇ ਹੋਰ ਰਾਗ ਵਿਚ ਗਾਇਨ ਨਹੀਂ ਸੀ ਕਰ ਸਕਦਾ। ਰਾਗ ਗਾਇਨ ਵਿਚ ਉਹ ਧ੍ਰਪਦ-ਧਮਾਰ ਵਿਚ ਗਾਇਨ

ਵਿਚ ਕੀਤੀਆਂ ਉਣਤਾਈਆਂ ਨੂੰ ਵੀ ਰਾਗੀ ਨੂੰ ਦਸ ਦੇਂਦੇ ਅਤੇ ਸ਼ੁੱਧ ਗਾਇਨ ਦਾ ਢੰਗ ਵੀ ਸਿਖਾ ਦੇਂਦੇ ਸਨ। ਸੰਨ 1972 ਦੀ ਇਕ ਸ਼ਾਮ ਮੰਡੀ (ਹਿਮਾਚਲ) ਵਿਚ ਕਪੂਰਥਲਾ ਦੇ ਰਾਗੀ ਮਨਸ਼ਾ ਸਿੰਘ ਕੀਰਤਨ ਕਰ ਰਹੇ ਸਨ। ਸਮੇਂ ਅਨੁਸਾਰ ਆਪਣੇ ਮਾਲਕੌਂਸ ਸੁਨਣ ਦੀ ਇੱਛਾ ਪ੍ਰਗਟ ਕੀਤੀ। ਰਾਗੀ ਜੀ ਨੇ ਗਾਇਨ ਸ਼ੁਰੂ ਕੀਤਾ।ਪਰ ਸੰਤ ਜੀ ਮਹਾਰਾਜ ਨੂੰ ਪਸੰਦ ਨਾ ਆਇਆ। ਆਪਨੇ ਆਪ ਗਾ ਕੇ ਭਾਈ ਮਨਸ਼ਾ ਸਿੰਘ ਨੂੰ ਰਾਗ ਦੀ ਗੁਰਮਤਿ ਰੀਤ ਦੱਸੀ। ਸੰਤ ਜੀ ਮਹਾਰਾਜ ਦੇ ਅਭਿੰਨ ਸੇਵਕ ਸ: ਰਘੁਵੰਤ ਸਿੰਘ। (ਸਿਰਾਂ ਵਾਲੀਏ-ਜ਼ਿਲ੍ਹਾ ਲਾਹੌਰ) ਨੇ ਅਰਜ਼ ਕੀਤੀ-ਮਹਾਰਾਜ, ਰਾਗੀ ਮਨਸ਼ਾ ਸਿੰਘ ਨੇ ਬੜੇ ਗੁਲਾਮ ਅਲੀ ਸਾਹਿਬ ਦੀ ਨਵੀਂ ਬੰਦਿਸ਼ ਵਿਚ ਗਾਇਨ ਕੀਤਾ ਹੈ। ਕਹਿਣ ਦਾ ਭਾਵ ਇਹ ਹੈ ਬਾਹਰਮੁਖੀ ਸੰਤ ਜੀ ਮਹਾਰਾਜ ਨੇ ਕਿਤੋਂ ਸੰਗੀਤ ਸਿੱਖਿਆ ਤਾਂ ਨਹੀਂ ਸੀ ਲਈ।

ਆਤਮ ਪ੍ਰਕਾਸ਼ੀ ਸੁਵਿਧਾਵਾਂ ਦੇ ਆਕਲਨ ਤੋਂ ਬਗੈਰ ਅਕਾਦਮਿਕ ਵਿਦਵਾਨ ਸਿਰ ਜੋੜ-ਜੋੜ ਕੇ ਇਹ ਖੋਜਦੇ ਰਹਿਣਗੇ ਕਿ ਜੁਲਾਹੇ ਭਗਤ ਕਬੀਰ ਜਾਂ ਚਮਰੇਟੇ ਸੰਤ ਰਵੀਦਾਸ ਨੇ ਸੰਗੀਤ ਸਿੱਖਿਆ ਕਿੱਥੋਂ ਲਈ? ਇਸ ਦਾ ਸਪਸ਼ਟ ਦਿਗਦਰਸ਼ਨ ਜਾਂ ਗਿਆਨ ਪੂਰਨ ਗੁਰੂ ਜਾਂ ਆਤਮ ਪ੍ਰਕਾਸ਼ੀ ਸੰਤ ਫਕੀਰ ਹੀ ਕਰਾ ਸਕਦਾ ਹੈ। ਸ੍ਰੀ ਗੁਰੂ ਅਮਰ ਦਾਸ ਜੀ ਨੇ ਰਾਗਾਂ ਦਾ ਪਰਿਚੈ ਪਰਿਭਾਸ਼ਾਵਾਂ ਵੀ ਆਪਣੀ ਗੁਰਬਾਣੀ ਵਿਚ ਦਿੱਤੀਆਂ ਹਨ। ਗੁਰੂ ਜੀ ਨੇ ਆਪਣੀ ਬਾਣੀ ਆਨੰਦ ਦੀ ਪਹਿਲੀ ਪਉੜੀ ਵਿਚ ਹੀ ਇਹ ਤੱਥ ਉਜਾਗਰ ਕੀਤਾ ਹੈ-ਸਤਿਗੁਰ ਦੀ (ਆਤਮ ਪ੍ਰਕਾਸ਼ੀ) ਪ੍ਰਾਪਤੀ ਨਾਲ (ਅੰਮ੍ਰਿਤ) ਆਨੰਦ ਦੀ ਪ੍ਰਾਪਤੀ ਹੋ ਗਈ ਹੈ ਤੇ ਇਸ ਮੰਗਲ ਉਤਸਵ ਸਮੇਂ ਰਾਗ ਰਤਨ ਪਰਵਾਰ ਪਰੀਆਂ ਸ਼ਬਦ ਗਾਵਣ ਆਈਆਂ" ਹਨ। ਅਕਾਦਮਿਕ ਵਿਦਵਾਨ ਇਸ ਤੱਥ ਨੂੰ ਕਵੀ ਕਲਪਨਾ ਕਹਿ ਕੇ ਵੇਹਲੇ ਹੋ ਜਾਂਦੇ ਹਨ। ਇਸ ਆਤਮ ਪ੍ਰਕਾਸ਼ੀ ਸਥਿਤੀ ਦੀ ਪ੍ਰਾਪਤੀ ਦੇ ਸਾਧਨਾਂ ਮਾਰਗ ਵਿਚ ਅਗ੍ਰਸਰ ਸਾਧਕ (ਚੌਤੀਸਵੀਂ ਪਉੜੀ ਵਿਚ) ਦਾ ਆਤਮ ਅਨੁਭਵ ਇੰਝ ਪ੍ਰਗਟ ਹੋਇਆ ਹੈ-ਮਨਿ ਚਾਉ ਭਇਆ ਪ੍ਰਭੁ ਆਗਮੁ ਸੁਣਿਆ।ਹਰਿ ਮੰਗਲ ਭਾਉ ਸਖੀ ਗ੍ਰਿਹ ਮੰਦਰੁ ਬਣਿਆ। ਹਰਿ ਮੰਦਰ ਵਿਚ ਪ੍ਰਭੂ ਦਾ ਥਾਪਿਆ ਸਾਰਾ ਦੇਵ ਪਰਿਵਾਰ ਸੋਦਰ ਸੋਘਰ ਅਗੇ ਸਦਾ ਉਸਤਤਿ ਗਾਇਨ ਕਰਦਾ ਦੱਸਿਆ ਹੀ ਗਿਆ ਹੈ। ਇਹ ਪ੍ਰਮਾਣਿਕਤਾ ਸ੍ਰੀ ਗ੍ਰੰਥ ਸਾਹਿਬ ਵਿਚ ਤਿੰਨ ਵਾਰ ਦਰਜ ਹੋਈ ਹੈ। ਸੀ ਗੁਰੂ ਜੀ ਰਾਗਾਂ ਦਾ ਪਰਿਚੈ ਇਸ ਤਰ੍ਹਾਂ ਦੇ ਰਹੇ ਹਨ:

ਸਿਰੀ ਰਾਗ : ਰਾਗਾਂ ਵਿਚਿ ਸ੍ਰੀ ਰਾਗੁ ਹੈ ਜੇ ਸਚਿ ਧਰੇ ਪਿਆਰੁ ॥
ਸਦਾ ਹਰਿ ਸਚੁ ਮਨਿ ਵਸੈ ਨਿਹਚਲ ਸਤਿ ਅਪਾਰੁ ॥
ਗਉੜੀ : ਗਉੜੀ ਰਾਗ ਸੁਲਖਣੀ ਜੇ ਖਸਮੈ ਚਿਤਿ ਕਰੇਇ ॥
ਭਾਣੈ ਚਲੈ ਸਤਿਗੁਰੂ ਕੇ ਐਸਾ ਸੀਗਾਰੁ ਕਰੇਇ ॥
ਗੂਜਰੀ : ਗੂਜਰੀ ਜਾਤਿ ਗਵਾਰਿ ਜਾ ਸਹੁ ਪਾਏ ਆਪਣਾ ॥
ਗੁਰ ਕੇ ਸਬਦਿ ਵਿਚਾਰਿ ਅਨਦਿਨੁ ਹਰਿ ਜਪੁ ਜਾਪਣਾ ॥
ਵਡਹੰਸ : ਸਬਦਿ ਰਤੇ ਵਡਹੰਸ ਹੈ ਸਚੁ ਨਾਮੁ ਉਰਿਧਾਰਿ ॥
ਸਚੁ ਸੰਗ੍ਰਹਹਿ ਸਦ ਸਚਿ ਰਹਹਿ ਸਚੈ ਨਾਲਿ ਪਿਆਰਿ ॥
ਧਨਾਸਰੀ : ਧਨਾਸਰੀ ਧਨਵੰਤੀ ਜਾਣੀਐ ਭਾਈ ਜਾ ਸਤਿਗੁਰ ਕੀ ਕਾਰ ਕਮਾਇ ॥
ਸੂਹੀ ੳ) ਸੂਹਵੀਏ ਨਿਮਾਣੀਏ ਸੋ ਸਹੁ ਸਦਾ ਸਮਾਲਿ ॥
ਅ) ਸੂਹਬ ਤਾ ਸੋਹਾਗਣੀ ਜਾ ਮਨਿ ਲੈ ਹੁ ਸਚੁ ਨਾਉ ॥
ਬਿਲਾਵਲੁ ੳ) ਬਿਲਾਵਲੁ ਤਬ ਹੀ ਕੀਜੀਐ ਜਬ ਮੁਖਿ ਹੋਵੈ ਨਾਮੁ ॥
ਰਾਗ ਨਾਦ ਸਬਦਿ ਸੋਹਣੇ ਜਾ ਲਾਗੈ ਸਹਿਜ ਧਿਆਨ ॥
ਅ) ਬਿਲਾਵਲੁ ਕਰਿਹੁ ਤੁਮ ਪਿਆਰਿਹੋ ਏਕਸੁ ਸਿਉ ਲਿਵ ਲਾਇ।
ੲ) ਸਦਾ ਬਿਲਾਵਲੁ ਅਨੰਦ ਹੈ ਜੇ ਚਲਹਿ ਸਤਿਗੁਰ ਭਾਇ ॥
ਬਸੰਤ: ਤਿਨ ਬਸੰਤ ਜੋ ਹਰਿਗੁਣ ਗਾਇ ॥ ਪੂਰੇ ਭਾਗਿ ਹਰਿ ਭਗਤਿ ਕਰਾਇ ॥
ਇਸੁ ਮਨ ਕਉ ਬਸੰਤ ਕੀ ਲਗੈ ਨ ਸੋਇ ॥ ਇਹ ਮਨੁ ਜਲਿਆ ਦੂਜੇ ਦੋਇ
ਮਲਾਰ ੳ) ਮਲਾਰੁ ਸੀਤਲ ਰਾਗੁ ਹੈ ਹਰਿ ਧਿਆਇਐ ਸਾਂਤਿ ਹੋਇ ॥
ਅ) ਗੁਰਮੁਖਿ ਮਲਾਰ ਰਾਗੁ ਜੋ ਕਰਹਿ ਇਹ ਮਨੁ ਤਨੁ ਸੀਤਲ ਹੋਇ ॥
ਸ੍ਰੀ ਗੁਰੂ ਅਮਰ ਦਾਸ ਜੀ ਨੇ ਕੇਦਾਰਾ ਰਾਗ ਵਿਚ ਬਾਣੀ ਨਹੀਂ ਉਚਾਰੀ ਪਰ ਉਸ ਰਾਗ ਦਾ ਪਰਿਚੈ ਇੰਝ ਦੇਂਦੇ ਹਨ:
ਕੇਦਾਰਾ ਰਾਗਾ ਵਿਚਿ ਜਾਣੀਐ ਭਾਈ ਸਬਦੇ ਕਰੇ ਪਿਆਰੁ ॥
ਸਤ ਸੰਗਤ ਸਿਉ ਮਿਲਦੇ ਰਹੈ ਸਚੇ ਧਰੇ ਪਿਆਰੁ ॥

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸਿਰਲੇਖ ਅਨੁਸਾਰ 31 ਰਾਗਾਂ ਵਿਚ ਬਾਣੀ ਦਰਜ ਹੋਈ ਹੈ। ਇਸ ਦੇ ਨਾਲ ਹੀ 31 ਉਪ ਰਾਗ ਜਾਂ ਸੰਯੁਕਤ ਰਾਗ ਗਿਣਾਏ ਜਾਂਦੇ ਹਨ। ਗੁਰੂ ਕਾਲ ਵਿਚ ਦੱਖਨ ਤੇ ਉਤਰ ਦੇ ਰਾਗਾਂ ਦੇ ਗਾਇਨ ਵਿਚ ਜ਼ਿਆਦਾ ਵਿੱਥ ਨਹੀਂ ਸੀ ਜੋ ਅੱਜ ਤਗੜੀ ਹੱਦਬੰਦੀ ਬਣ ਗਈ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਗਉੜੀ ਨਾਲ ਪੂਰਬੀ (ਪੂਰਵੀ) ਨੂੰ ਮਿਲਾ ਕੇ ਗਉੜੀ ਪੂਰਬੀ ਅਤੇ ਬਸੰਤ ਨਾਲ ਹਿੰਡੋਲ ਦੇ ਸੁਰ ਮਿਲਾ ਕੇ ਬਸੰਤ ਹਿੰਡੋਲ ਬਣਾ ਦਿੱਤਾ। ਚੌਧਵੀਂ ਸਦੀ ਦੇ ਸੰਗੀਤਕਾਰ ਲੋਚਨ ਪੰਡਿਤ ਦੀ ਪੁਸਤਕ ਰਾਗ ਤਰੰਗਨੀ ਅਨੁਸਾਰ ਪੂਰਬੀ (ਪੂਰਵੀ ਜਾਂ ਪੂਰਵਾ) ਇਕ ਲੋਕ ਪ੍ਰਿਯ ਰਾਗ ਸੀ। ਰਾਗ ਰਾਗਨੀਆਂ ਦੇ ਸੰਗਮ ਜਾਂ ਮੇਲ ਸਦਾ ਹੀ ਕਲਾਸੀਕਲ ਸੰਗੀਤ ਦੇ ਨੇਮਾਂ ਅਨੁਸਾਰ ਹੀ ਕੀਤੇ ਗਏ ਹਨ। ਅਕਬਰ ਦੇ ਸਮਕਾਲੀ ਪੁੰਡਰੀਕ ਬਿੱਠਲ ਦੀ ਰਚਨਾ ਰਾਗ ਮੰਜਰੀ, ਪੰਡਿਤ ਸੋਮਨਾਥ ਦੇ ਗ੍ਰੰਥ ਰਾਗ ਵਿਬੋਧ (1610 ਈ:) ਅਤੇ ਤਾਂਜੋਰ ਦੇ ਮਹਾਰਾਜਾ ਤੁਲਾਜੀ ਰਾਉ ਭੌਂਸਲੇ ਦੀ ਪੁਸਤਕ ਸੰਗੀਤ-ਸਾਰ-ਅੰਮ੍ਰਿਤ (1783 ਈ:) ਵਿਚ ਵੀ ਅਜਿਹੇ ਯੁਗਮ ਰਾਗਾਂ ਦੇ ਹਵਾਲੇ ਮਿਲਦੇ ਹਨ। ਇਥੇ ਵਰਣਿਤ ਸੰਗੀਤ ਗੁਰੂ ਦੱਖਣੀ ਸੰਗੀਤ ਸਕੂਲ ਦੇ ਪ੍ਰਤਿਨਿਧੀ ਕਹੇ ਜਾ ਸਕਦੇ ਹਨ। ਉਹਨਾਂ ਦੀ ਲਿਖਤਾਂ ਸੰਬੰਧਤ ਰਾਗਾਂ ਦਾ ਅਜਿਹਾ ਮੇਲ ਉਤਰੀ ਤੇ ਦੱਖਨੀ ਰਾਗ ਪਰੰਪਰਾ ਦੀ ਤਤਕਾਲੀ ਨੇੜਤਾ ਪ੍ਰਮਾਣਿਤ ਕਰਦਾ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਾਰੇ ਭਾਰਤ ਤੋਂ ਅਲਾਵਾ ਅਧਿਆਤਮਕ ਪੱਧਰ ਤੇ ਵਿਕਸਿਤ ਸਾਰੇ ਸਭਿਅਤਾ ਸੰਸਾਰ ਵਿਚ ਚਰਣ ਪਾਏ ਸਨ। ਸੰਗੀਤ ਦੀ ਸਰਬ ਸਾਂਝੀ ਹਿਰਦੇ ਗ੍ਰਾਹੀ ਭਾਸ਼ਾ ਨਾਲ ਮੋਹਿਤ ਕਰਕੇ ਗੁਰੂ ਜੀ ਭ੍ਰਮਣ ਵਿਚ ਭਾਸ਼ਾ ਭੇਦ ਸਿਖਦੇ ਹੋਏ ਵਾਰਤਕ ਵਿਚ ਆਪਣੇ ਗਿਆਨ ਦੀ ਵਿਆਖਿਆ ਕਰਦੇ ਮੰਨੇ ਜਾ ਸਕਦੇ ਹਨ। ਪੈਦਲ ਭ੍ਰਮਣ ਯਾਤਰਾ ਕਰਦੇ ਹੋਏ ਚੀਨੀ ਯਾਤਰੀ ਫਾਹਿਯਾਨ ਨੂੰ ਚੀਨ ਤੋਂ ਗਇਆ (ਭਾਰਤ) ਤਕ ਸੰਪਰਕ ਸੰਵਾਦ ਕਰਨ ਲੱਗਿਆਂ ਦਿੱਕਤ ਨਹੀਂ ਸੀ ਆਈ। ਭਾਰਤ ਉੱਤੇ ਪਠਾਨੀ ਹਮਲਿਆਂ ਤੇ ਰਾਜ ਨਾਲ ਵਰਤਮਾਨ ਉਰਦੂ ਦਾ ਮੂਲ ਰੂਪ ਅਮੀਰ ਖੁਸਰੋ ਸਮੇਂ ਪ੍ਰਫੁਲਿਤ ਹੋ ਚੁੱਕਿਆ ਸੀ। ਅੰਗਰੇਜ਼ੀ ਰਾਜ ਵਿਚ ਸਰਕਾਰੀਏ ਲੋਕਾਂ ਦੀ ਮੂੰਹਚੜੀ ਖਿਚੜੀ ਭਾਸ਼ਾ ਨੂੰ ਹਿੰਗਲਿਸ਼ ਕਿਹਾ ਜਾਂਦਾ ਹੈ।

ਗੁਰਬਾਣੀ ਵਿਚ ਵਰਤੇ ਗਏ ਰਾਗਾਂ ਬਾਰੇ ਇਕ ਵਾਰੀ ਫੇਰ ਕਹਿਣਾ ਪੈਂਦਾ ਹੈ ਕਿ - ਸਰਬ ਰੋਗ ਕਾ ਅਉਖਦੁ ਨਾਮੁ - ਦੇ ਜਪੁ ਦਾ ਉਪਦੇਸ਼ ਦੀ ਸਟੀਕਤਾ ਲਈ ਗੁਰੂ ਜੀ ਨੇ ਦੇਸ਼ ਕਾਲ ਪਾਤਰ ਦੇ ਸੁਵਿਧਾ ਅਨੁਸਾਰ ਰਾਗਾਂ ਦੀ ਵਰਤੋਂ ਕੀਤੀ ਹੈ। ਇਸ ਦਾ ਮਤਲਬ ਕਦਾਚਿਤ ਨਹੀਂ ਕਿ ਬਾਕੀ ਰਾਗ ਬੰਦਿਸ਼ਾਂ ਤੋਂ ਗੁਰਬਾਣੀ ਦਰਬਾਰ ਦੇ ਮਾਲਿਕ ਜਾਨਕਾਰ ਨਹੀਂ ਸਨ। ਸਮ੍ਹੇ ਅਨੁਸਾਰ ਵਰਤੇ ਰਾਗ ਦੇ ਨਾਲ ਕੁਦਰਤ ਤਾਲ ਦੇਂਦੀ ਹੈ ਤੇ ਸ੍ਰੋਤੇ ਹਿਰਦਿਆਂ ਦੀ ਧੜਕਣਾਂ ਸਮੋਹਿਤ ਹੋ ਜਾਂਦੀਆਂ ਹਨ। ਰਹੱਸ ਮਈ, ਆਤਮਕ ਮੰਡਲ ਚੋਂ ਉਤਰੀ ਬਾਣੀ ਦਾ ਅਰਥ ਸ੍ਰੋਤੇ ਨੂੰ ਸਮਝ ਪਏ ਜਾਂ ਨਾ ਪਏ ਪਰ ਉਸਦਾ ਮਿਕਨਾਤੀਸੀ ਪ੍ਰਭਾਵ ਹਿਰਦੇ ਨੂੰ ਕੀਲ ਕੇ ਮਨ ਨੂੰ ਸ਼ਾਤ ਜ਼ਰੂਰ ਕਰ ਦੇਂਦਾ ਹੈ। ਗੁਰਬਾਣੀ ਪਰਾਮੰਡਲ ਵਿਚੋਂ ਉਤਰੀ ਹੈ ਅਤੇ ਉਥੇ ਲੈ ਜਾਣ ਲਈ ਸਮਰਥ ਹੈ।

ਤਤਕਾਲੀਨ ਸ੍ਰੋਤਿਆਂ ਦੀ ਮਨੋ ਦਸ਼ਾ ਦੇ ਸੰਦਰਭ ਵਿਚ ਰਾਗ ਨਾਦ ਅੱਖਰਾਂ ਨਾਲ ਅਰੰਭੀ ਤੁਕਾਂ ਦੇ ਅਰਥ ਹੀ ਵਿਚਾਰੇ ਜਾਣ ਤਾਂ ਸੇਧ ਮਿਲ ਸਕਦੀ ਹੈ:

ਰਾਗਿ ਨਾਦਿ ਮਨੁ ਦੂਜੈ ਭਾਇ॥ (1342)
ਰਾਗੁ ਨਾਦੁ ਨਹੀਂ ਦੂਜਾ ਭਾਉ॥ (350)
ਰਾਗ ਰਾਗਨੀ ਡਿੰਭ ਹੋਇ ਬੈਠਾ ਉਨਿ ਹਰਿ ਪਹਿ ਕਿਆ ਲੀਨਾ। (604)
ਰਾਗ ਨਾਦ ਛੋਡਿ ਹਰ ਸੇਵੀਐ ਤਾਂ ਦਰਗਹ ਪਾਈਐ ਮਾਨੁ॥ (849)
ਰਾਗੁ ਨਾਦੁ ਸਭੁ ਸਚੁ ਹੈ ਕੀਮਤਿ ਕਹੀ ਨਾ ਜਾਇ॥ (1423)
ਰਾਗੈ ਨਾਦੈ ਬਾਹਰਾ ਇਨੀ ਹੁਕਮੁ ਨ ਬੂਝਿਆ ਜਾਇ॥ (1423)

ਆਸਾ ਰਾਗ ਦੇ ਸ਼ਬਦ ਦੇ (ਆਸਾ ਮਹਲਾ ਪਹਿਲਾ - ਪੰਨਾ 351) ਦੇ ਪਦ ਦੇ ਭਾਵ ਅਨੁਸਾਰ ਇਥੇ ਵਿਰਾਮ ਦਿੱਤਾ ਜਾਣਾ ਠੀਕ ਲਗਦਾ ਹੈ

ਰਾਗ ਰਤਨ ਪਰੀਆ ਪਰਵਾਰ॥ ਤਿਸੁ ਵਿਚਿ ਉਪਜੈ ਅੰਮ੍ਰਿਤੁਸਾਰ॥
ਨਾਨਕ ਕਰਤੇ ਕਾ ਇਹੁ ਧਨੁ ਮਾਲੁ॥ ਜੇ ਕੋ ਬੂਝੈ ਏਹੁ ਬੀਚਾਰ॥

ਤ੍ਰਿਕੁਟੀ ਪ੍ਰਵੇਸ਼ ਦੇ ਅਭਿਆਸ ਨਾਲ ਹੀ ਗੁਰਬਾਣੀ ਦੇ ਉਦਗਮ ਭਾਵ ਦਾ ਵਿਚਾਰ ਬੋਧ ਹੋ ਸਕਦਾ ਹੈ। ਅਨੰਦ, ਸੁਖਮਨੀ, ਕਮਲਬਿਗਾਸ ਅਤੇ ਸਸਿਅਰ ਘਰ ਸੂਰ ਸਮਾਏ ਵਰਗੇ ਯੋਗ ਪਰਿਭਾਸ਼ਿਕ ਸ਼ਬਦਾਂ ਦਾ ਅਰਥ ਉਥੇ ਹੀ ਪ੍ਰਕਾਸ਼ਤ ਹੁੰਦਾ ਹੈ। ਗੁਰਬਾਣੀ ਵਿਚਾਰ ਦਾ ਸਿੱਧਾ ਲਕਸ਼ ਆਤਮ ਪ੍ਰਕਾਸ਼ੀ ਚੇਤਨਾ ਨਾਲ ਜੁੜਿਆ ਹੋਇਆ ਹੈ। ਰਾਗਾਂ ਦੀ ਪਰਿਭਾਸ਼ਾ ਦੀ ਇਹੋ ਦਸਦੀ ਹੈ।

162 ਏ, ਗ੍ਰੇਨ ਮਾਰਕੀਟ, ਮਧਿਆ ਮਾਰਗ, ਚੰਡੀਗੜ੍ਹ, ਮੋਬਾ: 09888213360, 09417143360

# ਆਦਰਸ਼ ਕੀਰਤਨੀਏ ਸੰਤ ਬਾਬਾ ਸ਼ਾਮ ਸਿੰਘ ਜੀ

## ਅਵਤਾਰ ਸਿੰਘ ਹੰਸ

ਸੇਵਾ ਸਿਮਰਨ ਦੇ ਮੁਜਸਮੇ ,ਗੁਰੂ ਘਰ ਦੇ ਅਨਿੰਨ ਸੇਵਕ ,ਬ੍ਰਹਮ ਗਿਆਨੀ ਸੰਤ ਬਾਬਾ ਸ਼ਾਮ ਸਿੰਘ ਜੀ, ਸਿੱਖ ਪੰਥ ਦੇ ਆਦਰਸ਼ ਕੀਰਤਨੀਏ ਸਨ। ਜੋ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਅੰਮ੍ਰਿਤਸਰ ਵਿਖੇ ਪੂਰੇ ੭੯ ਵਰ੍ਹੇ ਨਿਸ਼ਕਾਮ ਤੌਰ 'ਤੇ ਤੀਸਰੇ ਪਹਿਰ ਦੀ ਚੌਕੀ ਦਾ ਕੀਰਤਨ ਸ੍ਰੀ ਅਮਰ ਦਾਸ ਜੀ ਦੁਆਰਾ ਆਵਿਸ਼ਕਾਰ ਕੀਤੇ ਤੰਤੀ ਸਾਜ਼ ਸਰੰਦੇ ਨਾਲ ਕਰਦੇ ਰਹੇ।

ਕੀਰਤਨ ਕਰਦਿਆਂ ਸ਼ਬਦ ਨਾਲ ਇਕਮਿਕ ਹੋ ਜਾਣਾ ਤੇ ਰਾਗ ਨੂੰ ਸਾਖਿਅਤ ਕਰਨਾ, ਬਾਬਾ ਜੀ ਦੇ ਕੀਰਤਨ ਦੀ ਵਿਸ਼ੇਸ਼ਤਾ ਸੀ।

ਸੰਤ ਬਾਬਾ ਸ਼ਾਮ ਸਿੰਘ ਜੀ ਦਾ ਜਨਮ ੧੯੦੩ ਈ. ਵਿੱਚ ਸ਼ਾਹਪੁਰ ਸ਼ਹਿਰ ਵਿਖੇ ਪਿਤਾ ਭਾਈ ਦਰਬਾਰੀ ਲਾਲ ਜੀ ਤੇ ਮਾਤਾ ਕ੍ਰਿਸ਼ਨਾ ਦੇਈ ਜੀ ਦੇ ਘਰ ਹੋਇਆ। ਬਚਪਨ ਵਿਚ ਹੀ ਇਨ੍ਹਾਂ ਦੇ ਸਿਰ ਤੋਂ ਪਿਤਾ ਦਾ ਸਾਇਆ ਉਠ ਗਿਆ। ਮਾਤਾ ਜੀ ਚੱਕੀ ਪੀਹ ਕੇ ਗੁਜ਼ਾਰਾ ਕਰਦੇ ਰਹੇ।

੬ ਸਾਲ ਦੀ ਅਵਸਥਾ ਵਿਚ ਆਪ ਜੀ ਨੂੰ ਗੁਰਮਤਿ ਅਤੇ ਗੁਰਬਾਣੀ ਦੇ ਗਿਆਨ ਦੀ ਪ੍ਰਾਪਤੀ ਲਈ ਸੇਵਾ ਪੰਥੀ ਮਹਾਂਪੁਰਖ ਸੰਤ ਬਾਬਾ ਰਾਮ ਸਿੰਘ ਜੀ ਦੇ ਸਪੁਰਦ ਕਰ ਦਿੱਤਾ ਗਿਆ। ਬਚਪਨ ਤੋਂ ਹੀ ਆਪ ਜੀ ਨੂੰ ਸੰਗੀਤ ਸਿੱਖਣ ਦੀ ਲਗਨ ਸੀ। ਜ਼ਿਆਦਾ ਸਮਾਂ ਸੰਗੀਤ ਸਿੱਖਣ ਤੇ ਰਿਆਜ਼ ਕਰਨ ਵਿਚ ਹੀ ਗੁਜ਼ਾਰਦੇ ।

ਸੰਤ ਬਾਬਾ ਰਾਮ ਸਿੰਘ ਜੀ ਨੇ ਆਪ ਜੀ ਨੂੰ ਸਿੱਖਿਆ ਦੇ ਤੌਰ 'ਤੇ ਇਹ ਬਚਨ ਦ੍ਰਿੜ ਕਰਵਾਏ ਕਿ "ਗੁਰਬਾਣੀ ਲਿਖਣੀ ਸਿੱਖੋ, ਨੇਮ ਨਾਲ ਕੰਠ ਭੀ ਕਰੋ। ਕਲਯੁਗ ਵਿਚ ਗੁਰਬਾਣੀ ਲਿਖਣ ਤੇ ਕੰਠ ਕਰਨ ਵਰਗੀ ਹੋਰ ਕੋਈ ਸਮਾਧੀ ਨਹੀ, ਪਰ ਜੇ ਪਰਮੇਸ਼ਰ ਦੇ ਪ੍ਰੇਮ ਨਾਲ ਨਿਸ਼ਕਾਮ ਅਤੇ ਮਨ ਦੀ ਪ੍ਰੀਤੀ ਨਾਲ ਹੋਵੇ"।

ਬਾਬਾ ਜੀ ਨੇ ਸਾਰੀ ਜ਼ਿੰਦਗੀ ਇਹਨਾਂ ਬਚਨਾਂ 'ਤੇ ਪਹਿਰਾ ਦਿੱਤਾ। ਆਪ ਜੀ ਨੇ ਗੁਰਬਾਣੀ ਲਿਖੀ, ਕੰਠ ਕੀਤੀ ਤੇ ਅਨੇਕਾਂ ਸਤਿਸੰਗੀਆਂ ਨੂੰ ਗੁਰਬਾਣੀ ਲਿਖਣ, ਪੜਨ, ਸੁਨਣ ਤੇ ਕੰਠ ਕਰਨ ਦੀ ਪ੍ਰੇਰਨਾ ਦਿੱਤੀ ।

ਸੰਪੂਰਨ ਪੰਜ ਗ੍ਰੰਥੀ, ਦਸ ਗ੍ਰੰਥੀ, ਬਾਈ ਵਾਰਾਂ, ਭਗਤ ਬਾਣੀ ਦਾ ਪਾਠ ਤੇ ਹੋਰ ਬੇਅੰਤ ਸ਼ਬਦ ਬਾਬਾ ਜੀ ਨੂੰ ਕੰਠ ਸਨ। ਆਪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਕਰਨ ਸਮੇਂ ਹੀ ਕਈ ਕਈ ਸ਼ਬਦ ਕੰਠ ਕਰ ਲੈਂਦੇ ਸਨ।

ਬਾਬਾ ਰਾਮ ਸਿੰਘ ਜੀ ਦੇ ਅਕਾਲ ਚਲਾਣੇ ਪਿੱਛੋਂ ਆਪ ਜੀ ਪੱਕੇ ਤੌਰ 'ਤੇ ਸ੍ਰੀ ਅੰਮ੍ਰਿਤਸਰ ਵਿਖੇ ਆ ਗਏ। ਸੰਗਤਾਂ ਦੇ ਸਹਿਯੋਗ ਨਾਲ ਇੱਥੇ ਇਕ ਧਰਮਸ਼ਾਲਾ ਬਣਵਾਈ। ਜਿਸ ਵਿਚ ਕਥਾ ਕੀਰਤਨ, ਨਾਮ ਸਿਮਰਨ ਦੇ ਪ੍ਰਵਾਹ ਜਾਰੀ ਰੱਖਦੇ ਸਨ।

ਆਪ ਜੀ ਧਰਮਸ਼ਾਲਾ ਭਾਈ ਸੋਭਾ ਰਾਮ ਜੀ ਅੱਡਣਸ਼ਾਹੀ, ਬਾਜ਼ਾਰ ਹਰੀ ਸਿੰਘ ਵਿਖੇ ਰਿਹਾਇਸ਼ ਰੱਖਦੇ ਸਨ।

ਸ੍ਰ. ਬਲਵੀਰ ਸਿੰਘ ਕੰਵਲ ਅਨੁਸਾਰ ਆਪ ਜੀ ਨੇ ੧੯੯੪-੯੫ ਵਿਚ ਬਾਬੂ ਸੀਤਾ ਰਾਮ ਮੁਰਾਦਾਵਾਦੀ ਪਾਸੋਂ ਵੀ ਸੰਗੀਤ ਦੀ ਸਿੱਖਿਆ ਪ੍ਰਾਪਤ ਕੀਤੀ।

ਬਾਬਾ ਜੀ ਕੀਰਤਨ ਦੀਆ ਪੁਰਾਤਨ ਰੀਤਾਂ,ਅਤੇ ਸੰਗੀਤ ਦੀਆ ਕਈ ਗਾਇਨ ਸ਼ੈਲੀਆਂ ਦੇ ਗਿਆਤਾ ਸਨ। ਗੁਰਬਾਣੀ ਦੇ ਚੰਗੇ ਵਿਆਖਿਆਕਾਰ ਤੇ ਪਰਮਾਰਥੀ ਪੰਧ ਦੇ ਰਾਹੀ ਸਨ।

ਕੀਰਤਨ ਬਾਬਾ ਜੀ ਦੀ ਰੂਹ ਦੀ ਖੁਰਾਕ ਸੀ। ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅਕਾਲ ਤਖਤ ਸਾਹਿਬ ਵਿਖੇ ਕੀਰਤਨ ਹਾਜ਼ਰੀਆ ਭਰਦੇ ਰਹਿੰਦੇ। ਜਦੋਂ ਵੀ ਕੋਈ ਪ੍ਰਸਿੱਧ ਕੀਰਤਨੀਏ ਗੁਰੂ ਕੀ ਨਗਰੀ ਆਉਂਦੇ ਤਾਂ ਉਨ੍ਹਾਂ ਨੂੰ ਆਪਣੇ ਡੇਰੇ ਬੁਲਾ ਕੇ ਕੀਰਤਨ ਸ੍ਰਵਣ ਕਰਦੇ।

ਆਪਣੀ ਕੀਰਤਨ ਚੌਕੀ ਦੀ ਸੇਵਾ ਤੋਂ ਕਾਫੀ ਸਮਾਂ ਪਹਿਲਾ ਦਰਬਾਰ ਸਾਹਿਬ ਪਹੁੰਚ ਜਾਂਦੇ ਸਨ। ਅਗਲੀ ਚੌਕੀ ਦਾ ਚੋਖਾ ਕੀਰਤਨ ਸੁਣ ਕੇ ਜਾਦੇ।

ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਜੀ ਅੰਮ੍ਰਿਤਸਰ ਦੀ ਪਵਿੱਤਰ ਮਰਿਆਦਾ ਅਨੁਸਾਰ ਕਿਵਾੜ ਖੁੱਲ੍ਹਣ ਤੋਂ ਪਹਿਲਾਂ ਰਾਤ ਦੇ ਤੀਸਰੇ ਪਹਿਰ (ਸਰਦੀਆਂ ਵਿਚ ੨-੪੫ਤੋ ੩-੫੦ ਤਕ) ਤਿੰਨ ਪਹਿਰੇ ਦੀ ਚੌਕੀ ਦਾ ਆਰੰਭ ਹੁੰਦਾ ਹੈ। ਜਿਸ ਵਿਚ ਪ੍ਰਭੂ

ਮਿਲਾਪ ,ਦਰਸ਼ਨ ਪਿਆਸ, ਅਰਦਾਸ, ਬੇਨਤੀ ਦੇ ਸ਼ਬਦਾਂ ਦਾ ਕੀਰਤਨ ਹੁੰਦਾ ਹੈ।

ਸੰਤ ਬਾਬਾ ਸ਼ਾਮ ਸਿੰਘ ਜੀ ਇਸ ਤੀਸਰੇ ਪਹਿਰ ਦੀ ਚੌਕੀ ਦੇ ਕੀਰਤਨ ਦੀ ਸੇਵਾ ਨਿਭਾਉਂਦੇ ਸਨ।ਦਰਸ਼ਨੀ ਡਿਊੜੀ ਦੇ ਬਾਹਰ ਬੈਠ ਕੇ "ਦਰਮਾਦੇ ਠਾਢੇ ਦਰਬਾਰ"॥ ਤੁਝ ਬਿਨ ਸੁਰਤਿ ਕਰੈ ਕੋ ਮੇਰੀ, ਦਰਸਨੁ ਦੀਜੈ ਖੋਲਿ ਕਿਵਾਰ"॥ ਆਦਿ ਸ਼ਬਦਾਂ ਦਾ ਗਾਇਨ ਬੜੇ ਸ਼ਰਧਾ ਪਿਆਰ ਨਾਲ ਰੱਬੀ ਰੰਗ ਵਿਚ ਰੰਗੀਜ ਕੇ ਸਰੰਦਾ ਸਾਜ ਨਾਲ ਕਰਦੇ। ਇਕਸੁਰ ਹੋ ਕੇ ਕੀਰਤਨ ਕਰਦਿਆਂ ਵੈਰਾਗ ਵਿਸਮਾਦ ਦੀਆਂ ਹੱਦਾਂ ਹੀ ਟੱਪ ਜਾਂਦੇ ਸਨ। ਬਾਬਾ ਜੀ ਨੇ ਇਹ ਮਹਾਨ ਸੇਵਾ ਲੱਗਪਗ ੭੮ ਸਾਲ ਸ਼ਰਧਾ, ਪਿਆਰ ਸਹਿਤ, ਨਿਸ਼ਕਾਮ ਤੌਰ 'ਤੇ ਕੀਤੀ।

ਕੀਰਤਨ ਸੇਵਾ ਤੋ ਇਲਾਵਾ ਬਾਬਾ ਜੀ ਸ੍ਰੀ ਹਰਿਮੰਦਰ ਸਾਹਿਬ ਦੀ ਸਫਾਈ ਤੇ ਇਸ਼ਨਾਨ ਦੀ ਸੇਵਾ ਵਿਚ ਵੀ ਹਿਸਾ ਲੈਂਦੇ।ਲੰਗਰ ਲਈ ਲੱਕੜਾਂ ਕੱਟਣਾ, ਪਾਥੀਆਂ ਪੱਥਣਾ ਅਤੇ ਜੂਠੇ ਬਰਤਣ ਮਾਂਜਣਾ ਇਹ ਆਪ ਜੀ ਦੀਆ ਮਨ ਪਸੰਦ ਸੇਵਾਵਾਂ ਸਨ।

੧੯੨੩ ਈ. ਵਿਚ ਹੋਈ ਅੰਮ੍ਰਿਤ ਸਰੋਵਰ ਦੀ ਕਾਰ ਸੇਵਾ ਵਿਚ ਵੀ ਵੱਧ ਚੜ੍ਹ ਕੇ ਹਿੱਸਾ ਲਿਆ।ਆਪ ਜੀ ਪੰਜ ਪਿਆਰਿਆ ਵਿਚ ਵੀ ਸ਼ਾਮਿਲ ਸਨ।

ਬਾਬਾ ਜੀ ਨੇ ਹਜ਼ਾਰਾਂ ਪ੍ਰਾਣੀਆਂ ਨੂੰ ਪ੍ਰੇਰ ਕੇ ਅੰਮ੍ਰਿਤ ਪਾਨ ਕਰਵਾਇਆ। ਭਾਈ ਸਾਹਿਬ ਭਾਈ ਵੀਰ ਸਿੰਘ ਜੀ, ਸਰ ਸੁੰਦਰ ਸਿੰਘ ਮਜੀਠੀਆ ਹੁਰਾਂ ਨੇ ਵੀ ਆਪ ਜੀ ਪਾਸੋ ਅੰਮ੍ਰਿਤ ਛਕਿਆ।

ਸ੍ਰੀ ਮਾਨ ਸੰਤ ਬਾਬਾ ਅਤਰ ਸਿੰਘ ਜੀ ਮਸਤੂਆਣਾ ਸਾਹਿਬ ਵਾਲਿਆਂ ਨਾਲ ਵੀ ਆਪ ਜੀ ਦਾ ਬਹੁਤ ਸਨੇਹ ਸੀ ।

ਪੰਥ ਪ੍ਰਸਿੱਧ ਰਾਗੀ ਭਾਈ ਮਨਸ਼ਾ ਸਿੰਘ ਜੀ ਅਤੇ ਪ੍ਰਸਿੱਧ ਰਬਾਬੀ ਭਾਈ ਅਮੀਰ ਬਖਸ਼ ਭਾਈ ਦਿਤੇ ਖਾਂ ਰਬਾਬੀ ਆਪ ਜੀ ਦੇ ਸਮਕਾਲੀ ਸਨ।

ਬਾਬਾ ਜੀ ਵਲੋ ੧੯੧੩ ਈ. ਵਿਚ ਲਿਖਿਆ ਇਕ ਖਰੜਾ "ਹਰਿ ਭਗਤਿ ਪ੍ਰੇਮਾਕਰ" ਅੱਜ ਕੱਲ ਸਿੱਖ ਇਤਿਹਾਸ ਖੋਜ ਵਿਭਾਗ,ਖਾਲਸਾ ਕਾਲਜ ਅੰਮ੍ਰਿਤਸਰ ਵਿਚ ਸਾਂਭਿਆ ਪਿਆ ਹੈ।

੧੨੩ ਸਾਲ ਦੀ ਅਵਸਥਾ ਵਿਚ ਆਪ ਜੀ ਨੂੰ ਡਬਲ ਨਮੂਨੀਆ ਹੋ ਗਿਆ ਸੀ।

ਅੰਤ ੧੨੫ ਵਰ੍ਹੇ ਦੀ ਦੀਰਘ ਉਮਰ ਬਤੀਤ ਕਰਦੇ ਹੋਏ ੨੩ ਅਪ੍ਰੈਲ ੧੯੨੯ਈ. ਵਿਚ ਸਵਾਸ ਸਵਾਸ ਸਿਮਰਨ ਕਰਦੇ ਹੋਏ ਆਪ ਜੀ ਗੁਰੂ ਚਰਨਾਂ ਵਿਚ ਜਾ ਬਿਰਾਜੇ।

੯੦ ਸਾਲ ਗੁਰੂ ਘਰ ਸੇਵਾ ਸਿਮਰਨ ਕੀਰਤਨ ਕਰਦਿਆ ਆਪ ਜੀ ਨੇ ਸਫਲ ਕੀਤੇ।ਸੱਚੀ ਸੁੱਚੀ ਸ਼ਖਸੀਅਤ ਤੇ ਵਿਸਮਾਦੀ ਕੀਰਤਨ ਸਿੱਖ ਪ੍ਰੰਪਰਾ ਕਾਇਮ ਰੱਖਣ ਕਰਕੇ ਆਪ ਜੀ ਨੂੰ ਗੁਰਮਤਿ ਸੰਗੀਤ ਦੇ ਆਦਰਸ਼ ਕੀਰਤਨੀਏ ਵਜੋ ਜਾਣਿਆਂ ਜਾਂਦਾ ਹੈ।

ਬਾਬਾ ਜੀ ਵੱਲੋ ਵਜਾਇਆ ਜਾਂਦਾ ਤੰਤੀ ਸਾਜ਼ ਸਰੰਦਾ ਅੱਜ ਵੀ ਸਿੱਖ ਅਜਾਇਬ ਘਰ ਵਿਚ ਸ਼ਸ਼ੋਭਿਤ ਹੈ।ਆਪ ਜੀ ਦੀ ਯਾਦ ਨੂੰ ਤਾਜ਼ਾ ਕਰਦਾ ਹੈ ।

11 ਏ ਨਾਨਕਿਆਣਾ ਐਨਕਲੇਵ, ਸੰਗਰੂਰ ਮੋਬਾਇਲ : 9814554105

**Communication Centre**
**Formal Restaurants**
**Exhibition Rooms**
**Accommodation**
**Informal Eating**
**Tours & Travels**
**Conferencing**
**Floral Shop**

THE AROMA

**Premium Event Centre**
**Millennium Centre**
**Deliberations**
**Abhinandan**
**Exporama**
**Mind Set**
**Art Craft**

**Sector: 22 - C, Chandigarh,**
**Ph.:** 2700045-48 **Fax :** 0172-2700051
**E-mail :** hotelaroma@glide.net.in
**Website :** www.hotelaroma.com

# ਜਨਮ ਸਾਖੀਆਂ ਵਿਚ ਰਾਗੁ ਦਾ ਇਤਿਹਾਸ ਪਰਿਪੇਖ

ਮਨਪ੍ਰੀਤ ਸਿੰਘ

1. ਪੁਰਾਤਨ ਜਨਮ ਸਾਖੀਆਂ ਵਿਚ ਰਾਗ : ਪੁਰਾਤਨ ਜਨਮ ਸਾਖੀਆਂ ਸਿੱਖ ਧਰਮ ਦੇ ਬਾਨੀ ਗੁਰੂਨਾਨਕ ਦੇਵ ਜੀ ਦੇ ਜੀਵਨ ਪ੍ਰਸੰਗਾਂ ਦਾ ਅਹਿਮ ਸਰੋਤ ਹਨ ਅਤੇ ਗੁਰਮਤਿ ਸੰਗੀਤ ਦਾ ਉਦਗਮ ਗੁਰੂ ਨਾਨਕ ਦੇਵ ਜੀ ਦੁਆਰਾ ਹੀ ਹੋਇਆ। ਇਸ ਲਈ ਅਸੀਂ ਗੁਰਮਤਿ ਸੰਗੀਤ ਦੇ ਵਿਸ਼ੇਸ਼ ਇਤਿਹਾਸਿਕ ਰਾਗਾਤਮਕ ਸਰੋਤ ਵਜੋਂ ਅਸੀਂ ਡਾ. ਕਿਰਪਾਲ ਸਿੰਘ ਦੁਆਰਾ ਸੰਪਾਦਤ ਪੁਸਤਕ ਜਨਮ ਸਾਖੀ ਪਰੰਪਰਾ (ਇਤਿਹਾਸਕ ਦ੍ਰਿਸ਼ਟੀਕੋਣ ਤੋਂ), ਪਬਲੀਕੇਸ਼ਨ ਬਿਉਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2009 ਵਿੱਚ ਦਿੱਤੀਆਂ ਚਾਰ ਜਨਮ ਸਾਖੀਆਂ ਨੂੰ ਆਧਾਰ ਬਣਾਇਆ ਹੈ। ਇਹ ਜਨਮ ਸਾਖੀਆਂ ਹਨ:

1. ਭਾਈ ਮਨੀ ਸਿੰਘ ਵਾਲੀ ਜਨਮ ਸਾਖੀ
2. ਮਿਹਰਬਾਨ ਵਾਲੀ ਜਨਮ ਸਾਖੀ
3. ਬਾਲੇ ਵਾਲੀ ਜਨਮ ਸਾਖੀ
4. ਵਲਾਇਤ ਵਾਲੀ ਜਨਮ ਸਾਖੀ ਜਾਂ ਪੁਰਾਤਨ ਜਨਮ ਸਾਖੀ

ਗੁਰੂਨਾਨਕ ਦੇਵ ਜੀ ਦੁਆਰਾ ਜਿਥੇ ਰਾਗ ਦੇ ਪੂਰਨ ਮਹਤੱਵ ਨੂੰ ਕਾਇਮ ਰਖਦਿਆਂ ਆਪਣੀ ਬਾਣੀ ਲਈ ਭਰਪੂਰ ਪ੍ਰਯੋਗ ਕੀਤਾ, ਉਥੇ ਉਨ੍ਹਾਂ ਰਾਗ ਵਿਦਿਆ ਦੇ ਜਾਣਕਾਰ ਭਾਈ ਮਰਦਾਨਾ ਜੀ ਨੂੰ ਆਪਣਾ ਸੰਗੀ ਬਣਾਇਆ। ਰਾਗ ਦੇ ਮਹੱਤਵ ਨੂੰ ਉਜਾਗਰ ਕਰਦਿਆਂ ਉਨ੍ਹਾਂ ਭਾਈ ਮਰਦਾਨਾ ਨੂੰ ਰਾਗ ਵਿੱਚ ਸ਼ਬਦ ਗਾਇਨ ਕਰਨ ਲਈ ਪ੍ਰੇਰਿਆ।

– ਇਸ ਇਤਿਹਾਸਿਕ ਘਟਨਾ ਸਬੰਧੀ ਸਾਖੀ ਭਾਈ ਮਨੀ ਸਿੰਘ ਵਾਲੀ ਜਨਮ ਸਾਖੀ[1] ਵਿੱਚ ਇੰਜ ਲਿਖੀ ਹੈ :

ਅਰ ਇਕ ਦਿਨ ਮਰਦਾਨਾ ਮਿਰਾਸੀ ਬਾਬੇ ਨੂੰ ਆਣ ਮਿਲਿਆ ਸੋ ਤਦ ਲੋਕ ਫਰੀਦ ਜੀ ਦੀ ਜਾਰਤ ਨੂੰ ਜਾਂਦੇ ਸਨ ਤਾਂ ਮਰਦਾਨੇ ਕਹਿਆ, ਬਾਬਾ ਜੀ ਜੇ ਤੂ ਚਲੇਂ ਅਸੀਂ ਵੀ ਜਾਤ੍ਰਾ ਵਾਲਿਆਂ ਨਾਲ ਜਾਰਤ ਕਰ ਆਈਏ। ਤਾਂ ਬਾਬੇ ਆਖਿਆ ਜੇ ਤੂੰ ਅਸਾਡੇ ਨਾਲ ਪੱਕੀ ਰਿਫਾਕਤ ਕਰੇਂ ਤਾਂ ਅਸੀਂ ਜਾਈਏ, ਤਾਂ ਉਸ ਆਖਿਆ ਜਿ ਜੇ ਤੂੰ ਮੇਰੀ ਅਤੇ ਮੇਰੇ ਕੁਟੰਬੀਆਂ ਦੀ ਖਬਰ ਲਵੇਂ ਤਾਂ ਮੈਂ ਕਿਉਂ ਨਹੀਂ ਰਿਫਾਕਤ ਕਰਦਾ। ਤਾਂ ਬਾਬੇ ਕਹਿਆ ਰਾਗ ਤੂੰ ਜਿਹੜਾ ਜਾਣਦਾ ਹੈਂ ਸੋ ਇਹੋ ਸਬਦ ਰਾਗ ਪਾਇਕੇ ਨਿਹਕਾਮ ਹੋ ਕੇ ਗਾਵੇਂਗਾ ਤਾਂ ਤੇਰਾ ਪਰਲੋਕ ਸਿਧ ਹੋਵੇਗਾ ਤੇ ਜੇ ਇਹੋ ਸਬਦ ਤੇਰੇ ਵੰਸ ਵਾਲੇ ਗਾਵਨਗੇ ਤਾਂ ਉਨਕਾ ਵਿਵਹਾਰ ਸਿਧ ਹੋਵੇਗਾ।

ਸਪਸ਼ਟ ਹੈ ਕਿ ਭਾਈ ਮਰਦਾਨਾ ਰਾਗ ਗਾਉਣਾ ਜਾਣਦਾ ਸੀ ਅਤੇ ਗੁਰੂ ਸਾਹਿਬ ਨੇ ਉਸ ਨੂੰ ਰਾਗ ਅੰਦਰ ਨਿਸ਼ਕਾਮ ਸ਼ਬਦ ਗਾਇਨ ਕਰਨ ਦੀ ਪ੍ਰੇਰਨਾਂ ਦਿੱਤੀ। ਗੁਰੂ ਸਾਹਿਬ ਕੇਵਲ ਰਾਗ ਨੂੰ ਮਹੱਤਤਾ ਨਹੀਂ ਸੀ ਦਿੰਦੇ ਸਗੋਂ ਉਹ ਰਾਗ ਦੇ ਨਾਲ ਸਬਦ ਨੂੰ ਇਸ ਪ੍ਰਕਾਰ ਗਾਇਨ ਕੀਤਾ ਜਾਣਾ ਲੋੜਦੇ ਸਨ ਕਿ ਸ਼ਬਦ ਦਾ ਭਾਵ ਸਪਸ਼ਟ ਹੋ ਜਾਵੇ।

– ਭਾਈ ਮਨੀ ਸਿੰਘ ਵਾਲੀ ਜਨਮ ਸਾਖੀ ਵਿਚ ਕਾਗ ਭਸੁੰਡ ਨਾਲ ਚਰਚਾ ਕਰਨ ਵਾਲੀ ਸਾਖੀ ਵਿੱਚ ਲਿਖਿਆ ਹੈ:

ਇਕ ਰਾਗ ਰਾਗਨੀਆਂ ਸਮਝਦੇ ਹੈਨ।। ਇਕ ਸੁਰ ਨੂੰ ਸਮਝਦੇ ਹੈਨ।। ਇਕ ਸਾਜ ਨੂੰ ਸਮਝਦੇ ਹੈਨ।। ਇਕ ਸਬਦ ਦੇ ਤਾਤਪਰਜ ਨੂੰ ਸਮਝਦੇ ਹੈਨ।। ਤੁਮ ਵਡੇ ਸ੍ਰੋਤੇ ਹੈ ਜੋ ਸਬਦ ਦੇ ਤਾਤਪਰਜ ਨੂੰ ਸਮਝਦੇ ਹੋ। ਕਾਗ ਭਸੁੰਡ ਕਹਿਆ ਉਤਮ ਹੈ ਕਿ ਮਹਾਰਾਜ ਦੇ ਕੀਰਤਨ ਦੇ ਤਾਤਪਰਜ ਨੂੰ ਸਮਝਦੇ ਹੈਂ, ਸੋ ਰਸ ਪਾਵਤੇ ਹੈਂ। ਜੋ ਰਾਗਾਂ ਨੂੰ ਤਾਰਾਂ ਸਮਝਦੇ ਹੈਂ ਸੋ ਛਿਲ ਖਾਤੇ ਹੈਂ। [2]

- ਮਿਹਰਬਾਨ ਵਾਲੀ ਜਨਮ ਸਾਖੀ ਵਿਚ ਕੇਵਲ ਰਾਗ ਨੂੰ ਮਹੱਤਵ ਦੇਣ ਅਤੇ ਝੂਠੀ ਸ਼ਰਧਾ ਨਾਲ ਕੀਰਤਨ ਕਰਨ ਵਾਲਿਆਂ ਦੀ ਹਾਲਤ ਦਰਸਾਉਣ ਵਾਲੀ ਇਕ ਸਾਖੀ[3] ਵੀ ਮਿਲਦੀ ਹੈ:

ਤਬ ਏਕ ਦਿਨਿ ਗੁਰੂ ਬਾਬਾ ਨਾਨਕੁ ਜੀ ਕਰਤਾਰ ਪੁਰਿ ਬੈਠਾ ਹੈ ਆਪਣੇ ਅਸਥਰ ਵਿਖੇ। ਅਰੁ ਏਕੁ ਤੀਨਿ ਚਾਰਿ ਬੈਸਨਉ

ਗਿਆਨੀ ਆਪਸ ਕਉ ਚਤੁਰ ਬੇਤੇ ਜਾਣਿ ਕਰਿ, ਗੁਰੂ ਬਾਬੇ ਕਉ ਆਇ ਮਿਲੈ। ਆਇ ਰਾਮ ਕ੍ਰਿਸਨੁ ਕਰਿ ਬੈਠੇ। ਤਬ ਗੁਰੂ ਬਾਬੇ ਉਨ ਕਉ ਬਹੁਤੁ ਆਦਰੁ ਕੀਆ। ਤਬ ਘੜੀ ਹੇਕ ਦੋਇ ਸਸਤਾਇ ਕਰਿ, ਉਇ ਉਠਿ ਕੀਰਤਨ ਕਰਨੇ ਲਾਗੇ ਰਾਗ ਕਉ ਭਲੀ ਭਾਂਤਿ ਆਲਾਪਿ ਕਰਿ ਅਰੁ ਰੀਝਿ ਰੀਝਿ ਅਖੀ ਮੀਟ ਕਰ ਲਾਗੇ ਗਾਵਣੈ ਅਰੁ ਗਾਵਿ ਗਾਵਿ ਸਾਥ ਅਰਥੁ ਲਾਗੇ ਸਮਝਾਵਣੇ, ਆਪ ਕਉ ਚਤੁਰ ਬੇਤੇ ਜਾਣਿ ਕਰਿ। ਤਬ ਗੁਰੂ ਅੰਗਦ, ਗੁਰੂ ਬਾਬੇ ਨਾਨਕ ਜੀ ਪਾਸਿ ਬੇਨਤੀ ਕਰੀ ਜਿ, ਜੀ ਪਾਤਸਾਹ ਏਹ ਤਉ ਬਹੁਤੁ ਹੀ ਉਮਗਿ ਉਮਗਿ ਕਰਿ ਰਾਗ ਕਉ ਗਾਵਤੇ ਹੈਂ, ਪਰੁ ਜੀ ਦੇਖਾਂ, ਏਨਾਂ ਕੇ ਮਨ ਕੀ ਬਾਤ ਕਿਉ ਕਰਿ ਹੈ? ਤਬ ਉਨ ਕੇ ਪ੍ਰਥਾਇ ਗੁਰੂ ਬਾਬਾ ਨਾਨਕੁ ਜੀ ਬਾਣੀ ਬੋਲਿ ਉਠਿਆ, ਆਸਾ ਰਾਗ ਮਹਿ ਜਿ:-

ਗਾਵਹਿ ਗੀਤੇ ਚੀਤਿ ਅਨੀਤੇ।। ਰਾਗੁ ਸੁਣਾਇ ਕਹਾਵਹਿ ਬੀਤੇ।। (ਗੁਰੂ ਗ੍ਰੰਥ ਸਾਹਿਬ ਪੰਨਾ 414)

ਤਲਵੰਡੀ ਨਾਲ ਸੰਬੰਧਤ ਸਾਖੀਆਂ ਵਿੱਚ ਗੁਰੂ ਸਾਹਿਬ ਰਾਹੀਂ ਰਾਗ ਆਸਾ, ਸਿਰੀ, ਸੂਹੀ,ਸੋਰਠਿ, ਮਲਾਰ ਆਦਿ ਰਾਗਾਂ ਵਿੱਚ ਬਾਣੀ ਉਚਾਰਨ ਕਰਨ ਦੇ ਹਵਾਲੇ ਮਿਲਦੇ ਹਨ। ਪਾਂਧੇ ਕੋਲ ਪੜ੍ਹਨ ਜਾਣ ਸਮੇਂ ਰਾਗ ਆਸਾ ਵਿੱਚ ਪੱਟੀ ਦਾ ਉਚਾਰਨ ਕੀਤਾ[4]:

ਤਬ ਪਾਂਧੇ ਪੱਟੀ ਲਿਖ ਦਿੱਤੀ, ਅੱਖਰਾਂ ਪੈਂਤੀਸ ਕੀ ਮੁਹਾਰਣੀ, ਤਬ ਗੁਰੂ ਨਾਨਕ ਲਗਾ ਪੜ੍ਹਨ। ਰਾਗ ਆਸਾ ਵਿੱਚ ਪਟੀ ਮ:੧, ਆਦਿ ਬਾਣੀ ਹੋਈ:- ਰਾਗੁ ਆਸਾ ਮਹਲਾ ੧ ਪਟੀ ਲਿਖੀ

ੴ ਸਤਿਗੁਰ ਪ੍ਰਸਾਦਿ।। ਸਸੈ ਸੋਇ ਸ੍ਰਿਸਟ ਜਿਨਿ ਸਾਜੀ ਸਭਨਾ ਸਾਹਿਬ ਏਕੁ ਭਇਆ।।

(ਆਸਾ ਮਹਲਾ ੧ ਪਟੀ ਲਿਖੀ, ਪੰਨਾ 432)

- ਇਸੇ ਸਾਖੀ ਵਿਚ ਪਾਂਧੇ ਨੂੰ ਸਮਝਾਉਣ ਹਿਤ ਸਿਰੀ ਰਾਗ ਵਿਚ ਸ਼ਬਦ ਗਾਇਨ ਦਾ ਜ਼ਿਕਰ ਵੀ ਹੈ:

ਤਬ ਬਾਬੇ ਕਹਿਆ: ਪਾਂਧਾ ਇਨੀ ਪੜ੍ਹੇ ਗਲ ਫਾਹੇ ਪਾਉਂਦੇ ਹੈਨ, ਇਹ ਜੋ ਪੜ੍ਹਨਾ ਹੈ ਸਭ ਬਾਦ ਹੈ। ਤਬ ਗੁਰੂ ਨਾਨਕ ਇਕ ਸਬਦ ਉਠਾਇਆ:-

ਜਾਲਿ ਮੋਹੁ ਘਸਿ ਮਸੁ ਕਰਿ ਮਤਿ ਕਾਗਦੁ ਕਰਿ ਸਾਰੁ।। (ਸਿਰੀ ਰਾਗ ਮਹਲਾ ੧, ਪੰਨਾ 16)

- 'ਖੇਤ ਹਰਿਆ' ਨਾਮਕ ਸਾਖੀ ਵਿਚ ਸੂਹੀ ਰਾਗ ਵਿਚ ਸ਼ਬਦ ਦੇ ਗਾਇਨ ਦਾ ਹਵਾਲਾ ਮਿਲਦਾ ਹੈ:
  ਜੋਗੀ ਹੋਵੈ ਜੋਗਵੈ ਭੋਗੀ ਹੋਵੈ ਖਾਇ।। (ਸੂਹੀ ਮਹਲਾ ੧ ਪੰਨਾ 730)
- ਖੇਤੀ, ਵਣਜ, ਸਉਦਾਗਰੀ ਅਤੇ ਚਾਕਰੀ ਨਾਮਕ ਸਾਖੀ ਵਿਚ ਪਿਤਾ ਅਤੇ ਮਾਤਾ ਨੂੰ ਉਪਦੇਸ਼ ਦੇਣ ਹਿਤ ਸੋਰਠਿ ਅਤੇ ਆਸਾ ਰਾਗਾਂ ਵਿਚ ਬਾਣੀ ਗਾਇਨ ਕਰਨ ਦਾ ਹਵਾਲਾ ਮਿਲਦਾ ਹੈ।
- ਵੈਦ ਨਾਮਕ ਸਾਖੀ ਵਿੱਚ ਮਲਾਰ ਅਤੇ ਗਉੜੀ ਚੇਤੀ ਰਾਗਾਂ ਵਿੱਚ ਬਾਣੀ ਗਾਇਨ ਕਰਨ ਦਾ ਹਵਾਲਾ ਮਿਲਦਾ ਹੈ।
- ਮਿਹਰਬਾਨ ਵਾਲੀ ਜਨਮ ਸਾਖੀ[5] ਵਿੱਚ ਵਿਆਹ ਨਾਮਕ ਸਾਖੀ ਵਿੱਚ ਸੂਹੀ ਰਾਗ ਅੰਦਰ ਛੰਤ ਗਾਇਨ ਦਾ ਬੜਾ ਭਾਵ ਪੂਰਤ ਹਵਾਲਾ ਮਿਲਦਾ ਹੈ:

ਤਬ ਇਸਤ੍ਰੀਆਂ ਮਿਲਿ ਕਰਿ, ਘੋੜਾ ਬਹੇੜਾ ਲੇ ਕਰਿ ਆਈਆਂ, ਸੋਹਿਲੇ ਲੱਗੀਆਂ ਗਾਵਣੇ। ਤਬੁ ਉਨਹੁ ਇਸਤ੍ਰੀਅਹ ਜਿ ਭਲੇ ਘਰਿ ਮਹਿ ਮਿਲਿ ਕਰਿ ਸੋਹਿਲੇ ਗਾਏ। ਤਬ ਗੁਰੂਬਾਬਾ ਨਾਨਕੁ ਜੀ ਉਨ ਕਾ ਰਾਗੁ ਸੁਨਿ ਕਰਿ ਖੁਸੀ ਭੈਆ ਜਿ, ੋ ਭਾਈ! ਏ ਇਸਤ੍ਰੀਆਂ ਖੁਸੀ ਹੋਇ ਹੋਇ ਮਾਨੁਖ ਕੇ ਸੋਹਿਲੇ ਕਿਉ ਗਾਵਦੀਆਂ ਹੈਨਿ, ਮੈ ਆਪੁਨੇ ਲਾਲਨ ਕੇ ਸੋਹਿਲੇ ਕਿਉ ਨਾਹੀ ਗਾਵਤਾ, ਜਿਸੁ ਸਿਉ ਮੇਰੀ ਪ੍ਰੀਤ ਹੈ ੋ ਤਬ ਗੁਰੂ ਬਾਬਾ ਨਾਨਕੁ ਜੀ ਪ੍ਰੇਮ ਪਰਮੇਸੁਰ ਕੇ ਸਾਥਿ ਬਾਨੀ ਬੋਲਿ ਉਠਾ, ਸੂਹੀ ਰਾਗ ਮਹਿ ਸਿਫਤੀ ਛੰਤੁ, ਜਿ-

ਹਮ ਘਰਿ ਸਾਜਨ ਆਏ।।
ਸਾਚੈ ਮੇਲਿ ਮਿਲਾਏ।। (ਸੂਹੀ ਛੰਤ ਮਹਲਾ ੧, ਪਨਾ 764)

ਤਬ ਗੁਰੂ ਬਾਬੇ ਕਉ ਮਹਲ ਅੰਤਰਿ ਤਣੀ ਛੁਹਾਵਣੀ ਲੇ ਗਏ। ਤਬ ਇਸਤਰੀਅਹੁ ਤਣੀ ਛੁਹਾਈ। ਆਪਣਾ ਅਚਾਰੁ ਕੀਆ। ਤਬ ਸੂਹੀ ਰਾਗ ਮਹਿ ਗੁਰੂ ਬਾਬਾ ਨਾਨਕੁ ਜੀ ਬਾਨੀ ਬੋਲਿ ਉਠਾ:-

ਆਵਹੁ ਸਾਜਨਾ, ਹਉ ਦੇਖਾ ਦਰਸਨ ਤੇਰਾ ਰਾਮ।। (ਸੂਹੀ ਛੰਤ ਮਹਲਾ ੧ ਪਨਾ 764)

ਤਬ ਗੁਰੂ ਬਾਬੇ ਰਾਤਿ ਕੈ ਸਮਉ ਏਹੁ ਸਬਦੁ ਕੀਆ। ਅਰ ਇਸਨਾਨੁ ਕਰਿ ਕਰਿ ਪ੍ਰਾਤ ਸਮਉ ਜਨੇਤ ਮਹਿ ਆਇ ਬੈਠਾ ਅਲਾਪਿ ਕਰਿ ਰਾਗੁ ਮੰਦਰੀ ਬਿਲਾਵਲੁ ਅਰੁ ਪੀਛੇ ਤੇ ਅਲਾਪਿ ਕਰਿ ਰਬਾਬੀ ਜਾਜਕ ਕੀਰਤਨੁ ਗਾਵਹਿ ਅਰੁ ਆਗੈ ਗੁਰੂ ਬਾਬਾ ਨਾਨਕੁ ਜੀ ਗਾਵੈ। ਪਰੁ ਜਿਨਹੁ ਗੁਰੂ ਬਾਬਾ ਨਾਨਕ ਗਾਵਤਾ ਸੁਣਿਆ ਤੇ ਸਦੇਹਹ ਪਰਮਗਤਿ ਗਏ। ਜਿਨਹੁ ਸੁਣਿਆ ਦੇਖਿਆ, ਜਿਨਹੁ ਗਰੂਬਾਬੇ ਕਾ ਸਬਦੁ ਬਿਰਾਨੇ ਮੁਖਿ ਤੇ ਸੁਣਿਆ ਤੇ ਭੀ ਮੁਕਤੇ ਭਏ। ਤ੍ਰਿਹੁ ਲੋਆਂ ਮਹਿ ਜੈ ਜੈ ਕਾਰੁ ਹੋਇਆ। ਪਰਮੇਸੁਰਿ ਏਹੁ ਸਬਦੁ ਮੰਨਿ ਲੀਆ।

- ਵੇਈਂ ਪ੍ਰਵੇਸ਼ਨ ਨਾਮਕ ਸਾਖੀ ਵਿਚ ਪਰਮੇਸ਼ਵਰ ਦੇ ਦਰਬਾਰ ਵਿਚ ਸਿਰੀ, ਆਸਾ ਧਨਾਸਰੀ ਰਾਗਾਂ ਵਿੱਚ ਬਾਣੀ ਗਾਇਨ ਕਰਨ ਦਾ ਹਵਾਲਾ ਮਿਲਦਾ ਹੈ।
- ਕਾਜੀ ਚਰਚਾ, ਨਿਮਾਜ, ਮੋਦੀ ਖਾਨੇ ਦਾ ਤਿਆਗ ਨਾਮਕ ਸਾਖੀ ਵਿੱਚ ਮਾਰੂ, ਮਾਝ, ਸ੍ਰੀ ਅਤੇ ਤਿਲੰਗ ਰਾਗਾਂ ਵਿੱਚ ਮਰਦਾਨੇ ਦੇ ਰਬਾਬ ਵਜਾਉਣ  ਬਾਣੀ ਗਾਇਨ ਕਰਨ ਦਾ ਹਵਾਲਾ ਮਿਲਦਾ ਹੈ:

ਮਰਦਾਨੇ ਦੀ ਪੂਜਾ ਕਰਾਈ ਨਾਮਕ ਸਾਖੀ ਵਿੱਚ ਮਰਦਾਨੇ ਨੂੰ ਵਾਧੂ ਵਸਤਾਂ ਇਕੱਠੀਆਂ ਨਾ ਕਰਨ ਦਾ ਉਪਦੇਸ਼ ਦਿੰਦਿਆਂ ਸੱਚੀ ਤ੍ਰਿਪਤੀ ਦਾ ਉਪਦੇਸ਼ ਦਿੱਤਾ।

- ਸੱਜਣ ਠੱਗ ਨਿਸਤਾਰਾ ਨਾਮਕ ਸਾਖੀ ਵਿਚ ਰਾਗ ਸੂਹੀ ਵਿਚ ਸ਼ਬਦ ਗਾਇਨ ਕਰਨ ਦਾ ਹਵਾਲਾ ਮਿਲਦਾ ਹੈ।
- ਬਨਾਰਸ ਵਿਚ ਚਤੁਰ ਦਾਸ ਨਾਮਕ ਸਾਖੀ ਵਿੱਚ ਬਸੰਤ ਹਿੰਡੋਲ ਅਤੇ ਰਾਮਕਲੀ ਰਾਗ ਵਿੱਚ ਬਾਣੀ ਗਾਇਨ ਕਰਨ ਦਾ ਹਵਾਲਾ ਮਿਲਦਾ ਹੈ।
- ਨਾਨਕ ਮਤੇ ਸਿੱਧਾਂ ਨਾਲ ਗੋਸ਼ਟ ਨਾਮਕ ਸਾਖੀ ਵਿਚ ਰਾਗ ਸੂਹੀ ਅੰਦਰ ਸ਼ਬਦ ਗਾਇਨ ਕਰਨ ਦਾ ਹਵਾਲਾ ਮਿਲਦਾ ਹੈ।
- ਵਣਜਾਰਿਆਂ ਦੇ ਟਾਂਡੇ ਨਾਮਕ ਸਾਖੀ ਵਿੱਚ ਸਿਰੀ ਰਾਗ ਵਿੱਚ ਪਹਰੇ ਨਾਮਕ ਰਚਨਾ ਗਾਇਨ ਕਰਨ ਦਾ ਹਵਾਲਾ ਮਿਲਦਾ ਹੈ।
- ਮੁਹਰਾਂ ਦੇ ਕੋਲੇ ਤੇ ਸੂਲੀ ਦੀ ਸੂਲ ਨਾਮਕ ਸਾਖੀ ਵਿਚ ਮਾਰੂਰਾਗ ਵਿਚ ਸ਼ਬਦ ਗਾਇਨ ਕਰਨ ਦਾ ਹਵਾਲਾ ਮਿਲਦਾ ਹੈ।
- ਠੱਗਾਂ ਦਾ ਨਿਸਤਾਰਾ ਨਾਮਕ ਸਾਖੀ ਵਿੱਚ ਸਿਰੀ ਰਾਗ ਅਤੇ ਸਾਰੰਗ ਰਾਗ ਵਿੱਚ ਬਾਣੀ ਗਾਇਨ ਕਰਨ ਦਾ ਹਵਾਲਾ ਮਿਲਦਾ ਹੈ।
- ਨੂਰਸ਼ਾਹ ਦਾ ਨਿਸਤਾਰਾ ਨਾਮਕ ਸਾਖੀ ਵਿਚ ਰਾਗ ਸੂਹੀ, ਆਸਾ, ਸਿਰੀ ਅਤੇ ਤਿਲੰਗ ਵਿਚ ਬਾਣੀ ਗਾਇਨ ਕਰਨ ਦਾ ਹਵਾਲਾ ਮਿਲਦਾ ਹੈ।
- ਕਲਜੁਗ ਨਾਮਕ ਸਾਖੀ ਵਿਚ ਸਿਰੀ ਰਾਗ ਵਿਚ ਸ਼ਬਦ ਗਾਇਨ ਕਰਨ ਦਾ ਹਵਾਲਾ ਮਿਲਦਾ ਹੈ।
- ਕੀੜ ਨਗਰ ਅੰਦਰ ਮਾਝ ਰਾਗ ਵਿਚ ਸ਼ਬਦ ਗਾਇਨ ਕਰਨ ਦਾ ਹਵਾਲਾ ਮਿਲਦਾ ਹੈ।
- ਵਸਦਾ ਰਹੇ ਉਜੜ ਜਾਵੇ ਨਾਮਕ ਸਾਖੀ ਵਿਚ ਰਾਗ ਮਲਾਰ ਵਿਚ ਸ਼ਬਦ ਗਾਇਨ ਕਰਨ ਦਾ ਹਵਾਲਾ ਮਿਲਦਾ ਹੈ।
- ਆਸਾ ਦੇਸ਼, ਸ਼ੇਖ ਫਰੀਦ ਨਾਲ ਗੋਸ਼ਟ ਨਾਕ ਸਾਖੀ ਵਿਚ ਸੂਹੀ, ਆਸਾ, ਤੁਖਾਰੀ, ਮਾਰੂਅਤੇ ਸਿਰੀ ਰਾਗ ਵਿਚ ਬਾਣੀ ਗਾਇਨ ਕਰਨ ਦਾ ਹਵਾਲਾ ਮਿਲਦਾ ਹੈ।
- ਮਰਦਾਨੇ ਦੀ ਭੁਖ ਗਵਾਈ ਨਾਮਕ ਸਾਖੀ ਵਿਚ ਮਰਦਾਨੇ ਨੂੰ ਉਪਦੇਸ਼ ਦੇਣ ਸਮੇਂ ਆਸਾ ਰਾਗ ਵਿਚ ਸ਼ਬਦ ਗਾਇਨ ਦਾ ਹਵਾਲਾ ਮਿਲਦਾ ਹੈ।
- ਮਾਤਾ ਪਿਤਾ ਜੀ ਨਾਲ ਮੇਲ ਨਾਮਕ ਸਾਖੀ ਵਿਚ ਰਾਗ ਵਡਹੰਸ, ਸਿਰੀ, ਸੂਹੀ ਅਤੇ ਮਾਰੂਵਿਚ ਸ਼ਬਦ ਗਾਇਨ ਕਰਨ ਦਾ ਹਵਾਲਾ ਮਿਲਦਾ ਹੈ।
- ਸੇਖ ਬ੍ਰਿਹਮ ਨਾਲ ਗੋਸ਼ਟ ਨਾਮਕ ਸਾਖੀ ਵਿਚ ਆਸਾ ਦੀ ਵਾਰ ਦਾ ਗਾਇਨ ਕਰਨ ਦਾ ਹਵਾਲਾ ਮਿਲਦਾ ਹੈ।
- ਕਿੜੀਆਂ ਪਠਾਣਾਂ ਦੀਆਂ ਨਾਮਕ ਸਾਖੀ ਤਿਲੰਗ ਰਾਗ ਵਿਚ ਸ਼ਬਦ ਗਾਇਨ ਕਰਨ ਦਾ ਹਵਾਲਾ ਮਿਲਦਾ ਹੈ।
- ਸੈਦਪੁਰ ਦੀ ਬੰਦ ਨਾਮਕ ਸਾਖੀ ਵਿੱਚ ਰਾਗ ਤਿਲੰਗ, ਮਾਰੂਅਤੇ ਆਸਾ ਰਾਗ ਵਿੱਚ ਬਾਣੀ ਗਾਇਨ ਕਰਨ ਦਾ ਹਵਾਲਾ ਮਿਲਦਾ ਹੈ।
- ਗੋਸ਼ਟ ਮੀਆਂ ਮਿੱਠਾ ਨਾਮਕ ਸਾਖੀ ਵਿਚ ਸਿਰੀ ਰਾਗ ਵਿਚ ਸ਼ਬਦ ਗਾਇਨ ਕਰਨ ਦਾ ਹਵਾਲਾ ਮਿਲਦਾ ਹੈ।

- ਦੁਨੀ ਚੰਦ ਨਿਸਤਾਰਾ ਨਾਮਕ ਸਾਖੀ ਵਿੱਚ ਆਸਾ ਦੀ ਵਾਰ ਦੀਆਂ 15 ਪਉੜੀਆਂ ਗਾਇਨ ਕਰਨ ਦਾ ਹਵਾਲਾ ਮਿਲਦਾ ਹੈ।
- ਬ੍ਰਾਹਮਣ ਦੀ ਸੁਚ ਰਸੋਈ ਨਾਮਕ ਸਾਖੀ ਵਿੱਚ ਬਸੰਤ ਰਾਗ ਵਿੱਚ ਬਾਣੀ ਉਚਾਰਨ ਦਾ ਹਵਾਲਾ ਮਿਲਦਾ ਹੈ।
- ਅਨਭੀ ਸਰੇਵੜਾ ਨਾਮਕ ਸਾਖੀ ਵਿੱਚ ਰਾਗ ਮਾਝ ਵਿੱਚ ਪਉੜੀ ਅਤੇ ਸਲੋਕ ਗਾਇਨ ਕਰਨ ਦਾ ਹਵਾਲ ਮਿਲਦਾ ਹੈ।
- ਮਖਦੂਮ ਬਹਾਵਦੀ ਨਾਮਕ ਸਾਖੀ ਵਿਚ ਸਿਰੀ ਰਾਗ ਵਿਚ ਸ਼ਬਦ ਗਾਇਨ ਕਰਨ ਦਾ ਹਵਾਲਾ ਮਿਲਦਾ ਹੈ।
- ਸਿਧਾਂ ਨਾਲ ਗੋਸ਼ਟ ਸਾਖੀ ਵਿਚ ਰਾਮਕਲੀ ਰਾਗ ਵਿਚ ਸ਼ਬਦ ਗਾਇਨ ਕਰਨ ਦਾ ਹਵਾਲਾ ਮਿਲਦਾ ਹੈ।
- ਸ਼ਿਵਨਾਭ ਪ੍ਰਾਣ ਸੰਗਲੀ ਨਾਮਕ ਸਾਖੀ ਵਿਚ ਮਾਰੂਰਾਗ ਵਿਚ ਸ਼ਬਦ ਗਾਇਨ ਕਰਨ ਦਾ ਹਵਾਲਾ ਮਿਲਦਾ ਹੈ।
- ਤੀਜੀ ਉਦਾਸੀ ਬ੍ਰਹਮ ਦਾਸ ਪੰਡਤ ਨਾਮਕ ਸਾਖੀ ਵਿੱਚ ਮਾਰੂਅਤੇ ਰਾਮਕਲੀ ਰਾਗ ਵਿੱਚ ਬਾਣੀ ਗਾਇਨ ਕਰਨ ਦਾ ਹਵਾਲਾ ਮਿਲਦਾ ਹੈ।
- ਸੁਮੇਰ ਅਤੇ ਅਚਲ ਪਰ ਸਿੱਧਾਂ ਨਾਲ ਗੋਸ਼ਨ ਨਾਮਕ ਸਾਖੀ ਵਿਚ ਆਸਾ ਰਾਗ ਵਿਚ ਬਾਣੀ ਗਾਇਨ ਕਰਨ ਦਾ ਹਵਾਲਾ ਮਿਲਦਾ ਹੈ।
- ਚਉਥੀ ਉਦਾਸੀ ਪੱਛਮ ਦੀ ਮੱਕਾ ਨਾਮਕ ਸਾਖੀ ਵਿਚ ਤਿਲੰਗ ਅਤੇ ਮਲਾਰ ਰਾਗ ਵਿਚ ਸ਼ਬਦ ਗਾਇਨ ਕਰਨ ਦਾ ਹਵਾਲਾ ਮਿਲਦਾ ਹੈ।
- ਉਦਾਸੀ ਪੰਜਵੀਂ ਸਿਧਾਂ ਨਾਲ ਗੋਸ਼ਟ (ਗੋਰਖ ਹਟੜੀ) ਨਾਮਕ ਸਾਖੀ ਵਿਚ ਰਾਮਕਲੀ ਰਾਗ ਵਿਚ ਬਾਣੀ ਗਾਇਨ ਕਰਨ ਦਾ ਹਵਾਲਾ ਮਿਲਦਾ ਹੈ।
- ਲਹਿਣੇ ਤੋਂ ਅੰਗਦ ਨਾਮਕ ਸਾਖੀ ਵਿਚ ਸਿਰੀ ਰਾਗ ਵਿਚ ਸ਼ਬਦ ਗਾਇਨ ਕਰਨ ਦਾ ਹਵਾਲਾ ਮਿਲਦਾ ਹੈ।
- ਮਖਦੂਮ ਬਹਾਵਦੀਂ ਦਾ ਚਲਾਣਾ ਨਾਮਕ ਸਾਖੀ ਵਿਚ ਸਿਰੀ ਰਾਗ ਵਿਚ ਸ਼ਬਦ ਗਾਇਨ ਕਰਨ ਦਾ ਹਵਾਲਾ ਮਿਲਦਾ ਹੈ।
- ਜੋਤੀ ਜੋਤ ਸਮਾਉਣਾ ਨਾਮਕ ਸਾਖੀ ਵਿਚ ਵਡਹੰਸ ਰਾਗ ਵਿੱਚ ਅਲਾਹੁਣੀਆਂ, ਤੁਖਾਰੀ ਰਾਗ ਵਿੱਚ ਬਾਰਾਮਾਹ ਅਤੇ ਰਾਗ ਗਉੜੀ ਦੀਪਕੀ ਵਿੱਚ ਸੋਹਿਲਾ ਗਾਉਣ ਦਾ ਹਵਾਲਾ ਮਿਲਦਾ ਹੈ।

ਮਿਹਰਬਾਨ ਵਾਲੀ ਜਨਮ ਸਾਖੀ[6] ਵਿਚ ਸੁਰਾਸ਼ਟ੍ਰ ਵਿਖੇ ਸੋਰਠਿ ਰਾਗ ਦੀ ਮਹੱਤਤਾ ਦਰਸਾਉਂਦਿਆਂ ਲਿਖਿਆ ਹੈ :

ਤਬ ਗੁਰੂਬਾਬੇ ਨਾਨਕ ਜੀ ਕਹਿ ਜਿ, ਮਰਦਾਨਿਆ, ਕਰੁ ਦਿਖਾ, ਸੋਰਠਿ ਰਾਗੁ। ਤਬ ਮਰਦਾਨੇ ਸੋਰਠਿ ਰਾਗ ਕਿਆ ਖੁਸ਼ੀ ਹੋਈ ਕਰਿ। ਮਰਦਾਨੇ ਜਿ ਸੋਰਠਿ ਅਲਾਪੀ ਅਰੁ ਬਾਬਾ ਜੀ ਖੁਸੀ ਭਇਆ। ਤਬ ਗੁਰੂਬਾਬੇ ਨਾਕ ਪਹਿ ਮਰਦਾਨੇ ਕਹਿਆ ਜਿ, ਰਾਗ ਤਾਂ ਸਭਿ ਭਲੇ ਹੈਨਿ ਪਣੁ ਜੀ ਸੋਰਠਿ ਰਾਗ ਸਭਨਾ ਰਾਗਾਂ ਮਹਿ ਖਰਾ ਸੋਹਾਵਣਾ ਰਾਗੁ ਹੈ। ਤਬ ਗੁਰੂਬਾਬੇ ਨਾਨਕ ਜੀ ਕਹਿਆ ਜਿ, ਮਰਦਾਨਿਆ, ਤੂੰ ਜਾਣਦਾ ਹੈਂ ਸੋਰਠਿ ਰਾਗ ਕਿਤੁ ਸੋਹਾਵਣਾ ਲਗਦਾ ਹੈ? ਕਹੈ, ਜੀ, ਨਾਹੀ ਜਾਣਦਾ ਜਿਊ ਹੈ, ਤਿਉਂ ਕਹਿ ਸੁਣਾਈਐ। ਤਬ ਗੁਰੂਬਾਬੇ ਨਾਨਕ ਜੀ ਬਾਣੀ ਬੋਲੀ ਸਲੋਕੁ ਜਿ:-

ਸੋਰਠਿ ਤਾਮਿ ਸੋਹਾਵਣੀ ਜੇ ਸਚਾ ਮਨਿ ਹੋਇ।।
(ਗੁਰੂਗ੍ਰੰਥ ਸਾਹਿਬ ਪੰਨਾ 642)

ਤਬ ਮਰਦਾਨਾ ਗੁਰੂਬਾਬੇ ਨਾਨਕ ਜੀ ਕੀ ਚਰਨੀਂ ਲਾਗਾ, ਕਹਣੇ ਲਾਗਾ, ਸੇ ਐਸੇ ਰਾਗ ਤੂੰ ਹੈ ਕਰਹਿ, ਤੁਮ ਹੀ ਤੇ ਐਸਾ ਰਾਗੁ ਹੋਇ ਜੀ,ਹੋਰੁ ਕਵਣੁ ਕਰਿ ਸਕੈ?

ਮਰਦਾਨੇ ਦੇ ਰਬਾਬ ਉੱਤੇ ਰਾਗ ਵਜਾਉਣ ਬਾਰੇ ਸਾਖੀ ਕਾਰ ਰਾਗ ਕੀਤਾ ਅਤੇ ਗੁਰੂ ਜੀ ਦੇ ਬਾਣੀ ਉਚਾਰਨ ਕਰਨ ਬਾਰੇ ਬਾਬੇ ਸਬਦੁ ਉਠਾਇਆ ਸੰਕੇਤ ਪ੍ਰਯੋਗ ਕਰਦਾ ਹੈ। ਰਬਾਬ ਵਜਾਉਣ ਅਤੇ ਰਾਗ ਕਰਨ ਬਾਰੇ ਇਕ ਸਾਖੀ ਤੋਂ ਸਪਸ਼ਟ ਹੁੰਦਾ ਹੈ ਕਿ ਮਰਦਾਨਾ ਪਹਿਲਾਂ ਰਬਾਬ ਉਪਰ ਵਿਸ਼ੇਸ਼ ਰਾਗ ਦੀ ਆਲਾਪ ਚਾਰੀ ਕਰਦਾ ਸੀ ਫਿਰ ਗੁਰੂਸਾਹਿਬ ਉਸੇ ਰਾਗ ਵਿਚ ਸ਼ਬਦ ਗਾਇਨ ਕਰਦੇ ਸਨ।

- ਵਲਾਇਤ ਵਾਲੀ ਜਨਮ ਸਾਖੀ[7] ਵਿਚ ਇਹ ਕਥਨ ਵੀ ਆਉਂਦਾ ਹੈ:

ਤਬ ਗੁਰੂਬਾਬੇ ਨਾਨਕ ਜੀ ਕਹਿਆ ਜੀ, ਮਰਦਾਨਿਆ ਤੂਰਬਾਬੁ ਵਜਾਇ। ਤਬ ਮਰਦਾਨੇ ਰਬਾਬ ਸਾਜਿ ਕਰਿ ਕਰਿ, ਆਸਾ ਰਾਗ ਕੀ ਅਲਾਪ ਚਾਰੀ ਲੇ ਉਠਿਆ । ਤਬ ਗੁਰੂ ਬਾਬਾ ਨਾਨਕ ਸਬਦੁ ਬਾਣੀ ਲੇ ਉਠਿਆ ਜਿ:-

ਆਪੁ ਵੀਚਾਰੈ ਸੁ ਪਰਖੇ ਹੀਰਾ। ।

(ਆਸਾ ਮਹਲਾ ੧ ਅਸਟਪਦੀਆ ਪੰਨਾ 413)

ਰਾਗ ਅਤੇ ਰੁੱਤ ਦੀ ਮਹੱਤਤਾ

ਜਨਮ ਸਾਖੀਆਂ ਤੋਂ ਵਿਸ਼ੇਸ਼ ਰੁੱਤ ਵਿਚ ਵਿਸ਼ੇਸ਼ ਰਾਗ ਗਾਇਨ ਕਰਨ ਦੀ ਪਰੰਪਰਾ ਦਾ ਪਤਾ ਚਲਦਾ ਹੈ। ਗੁਰੂਸਾਹਿਬ ਬਰਸਾਤ ਦੀ ਰੁੱਤ ਵਿਚ ਮਲਾਰ ਅਤੇ ਬਸੰਤ ਦੀ ਰੁੱਤ ਵਿਚ ਬਸੰਤ ਰਾਗ ਵਿਚ ਬਾਣੀ ਉਚਾਰਣ ਕਰਦੇ ਸਨ। ਇਸ ਸਬੰਧੀ ਹੇਠ ਲਿਖੀਆਂ ਸਾਖੀਆਂ[8] ਇਸ ਤੱਥ ਦਾ ਪ੍ਰਮਾਣ ਹੈ:

ਜਦ ਗੁਰੂਬਾਬਾ ਨਾਨਕੁ ਜੀ ਚੌਬੀਸ ਬਰਬ ਕਾ ਹੂਆ ਤਬ ਏਕ ਦਿਨ ਗੁਰੂਬਾਬਾ ਨਾਨਕ ਜੀ ਨਗਰਿ ਤਲਵੰਡੀ ਦਾਦੇ ਕਾਲੂ ਕੈ ਘਰਿ ਜਬ ਰਹਤਾ, ਮਾਤਾ ਪਿਤਾ ਕੈ ਘਰਿ, ਤਬ ਚਉਮਾਸੇ ਕੇ ਦਿਨ ਥੇ ਅਰੁ ਘਟਾਂ ਸਾਵਨ ਕੀ ਉਮੰਡਿ ਉਮੰਡਿ ਲਾਗੀ ਬਰਸਨੈ। ਤਬ ਗੁਰੂਬਾਬਾ ਨਾਨਕੁ ਰਾਤਿ ਕੇ ਸਮੇ ਅਪਨੈ ਘਰਿ ਮਹਿ ਬੈਠਾ ਥਾ। ਤਬ ਜਿਉ ਜਿਉ ਮੇਘੁ ਗਰਜਿ ਗਰਜਿ ਬਰਸੈ, ਤਿਉ ਤਿਉ ਗੁਰੂ ਬਾਬੇ ਜੀ ਕਾ ਮਨੁ ਉਮੰਡਿ ਉਮੰਡਿ ਲਾਗਾ ਪਰਮੇਸੁਰ ਜੀ ਕਾ ਜਸੁ ਗਾਵਣੈ। ਤਬ ਗੁਰੂਬਾਬੇ ਜੀ ਕਉ ਗਾਵਤੇ ਸੁਨਿ ਕਰਿ ਮਾਤਾ ਕਹਿਆ ਜਿ, ਬੱਚਾ! ਰੰਚਕ ਇਕੁ ਸੋਵਹਿ ਤਾ ਭਲਾ ਹੋਵੈ। ਜਬ ਏਹੁ ਸਬਦੁ ਮੁਖ ਤੇ ਮਾਤਾ ਜੀ ਕਹਿਆ, ਤਬ ਬਬੀਹਾ ਬੋਲਿਆ। ਤਬ ਬਬੀਹੈ ਕਹਿਆ ਜਿ, ਪ੍ਰਿਉ ਪ੍ਰਿਉ। ਤਬ ਗੁਰੂਬਾਬੇ ਕਹਿਆ ਜਿ, ਮਾਤਾ ਜੀ ! ਮੇਰਾ ਸਰੀਕੁ ਜਿ ਸਿ ਜਾਗਦਾ ਹੈ, ਮੈ ਕਿਉ ਕਰਿ ਸੋਵਾ? ਤਬ ਮਾਤਾ ਜੀ ਕਹਿਆ ਜਿ, ਬੱਚਾ! ਸੁ ਤੇਰਾ ਸਰੀਕੁ ਕਵਣ ਹੈ ਜਿਸ ਕਾ ਲੀਆ ਤੂਜਾਗਤਾ ਹੈ? ਤਬ ਮਲਾਰ ਰਾਗ ਮਹਿ ਗੁਰੂਬਾਬੇ ਨਾਨਕ ਜੀ ਬਾਨੀ ਬੋਲੀ ਜਿ-

ਰੈਨਿ ਬਾਬੀਹਾ ਬੋਲਿਓ ਮੇਰੀ ਮਾਈ। ।

ਪੂਰਾ ਸ਼ਬਦ ਇਸ ਪ੍ਰਕਾਰ ਹੈ:

ਮਲਾਰ ਮਹਲਾ ੧ ॥

ਚਾਤ੍ਰਿਕ ਮੀਨ ਜਲ ਹੀ ਤੇ ਸੁਖੁ ਪਾਵਹਿ ਸਾਰਿੰਗ ਸਬਦਿ ਸੁਹਾਈ ॥੧॥
ਰੈਨਿ ਬਬੀਹਾ ਬੋਲਿਓ ਮੇਰੀ ਮਾਈ ॥੧॥ ਰਹਾਉ ॥
ਪ੍ਰਿਅ ਸਿਉ ਪ੍ਰੀਤਿ ਨ ਉਲਟੈ ਕਬਹੂ ਜੋ ਤੈ ਭਾਵੈ ਸਾਈ ॥੨॥
ਨੀਦ ਗਈ ਹਉਮੈ ਤਨਿ ਥਾਕੀ ਸਚ ਮਤਿ ਰਿਦੈ ਸਮਾਈ ॥੩॥
ਰੂਖੀਂ ਬਿਰਖੀਂ ਊਡਉ ਭੂਖਾ ਪੀਵਾ ਨਾਮੁ ਸੁਭਾਈ ॥੪॥
ਲੋਚਨ ਤਾਰ ਲਲਤਾ ਬਿਲਲਾਤੀ ਦਰਸਨ ਪਿਆਸ ਰਜਾਈ ॥੫॥
ਪ੍ਰਿਅ ਬਿਨੁ ਸੀਗਾਰੁ ਕਰੀ ਤੇਤਾ ਤਨੁ ਤਾਪੈ ਕਾਪਰੁ ਅੰਗਿ ਨ ਸੁਹਾਈ ॥੬॥
ਅਪਨੇ ਪਿਆਰੇ ਬਿਨੁ ਇਕੁ ਖਿਨੁ ਰਹਿ ਨ ਸਕੰਉ ਬਿਨ ਮਿਲੇ ਨੀਂਦ ਨ ਪਾਈ ॥੭॥
ਪਿਰੁ ਨਜੀਕਿ ਨ ਬੂਝੈ ਬਪੁੜੀ ਸਤਿਗੁਰਿ ਦੀਆ ਦਿਖਾਈ ॥੮॥
ਸਹਜਿ ਮਿਲਿਆ ਤਬ ਹੀ ਸੁਖੁ ਪਾਇਆ ਤ੍ਰਿਸਨਾ ਸਬਦਿ ਬੁਝਾਈ ॥੯॥
ਕਹੁ ਨਾਨਕ ਤੁਝ ਤੇ ਮਨੁ ਮਾਨਿਆ ਕੀਮਤਿ ਕਹਨੁ ਨ ਜਾਈ ॥੧੦॥੩॥

(ਪੰਨਾ 1274)

ਇਸ ਸਾਖੀ ਤੋਂ ਸਪਸ਼ਟ ਹੈ ਬੱਦਲਾਂ ਦਾ ਵਰ੍ਹਨਾਂ ਅਤੇ ਬਬੀਹੇ ਦਾ ਬੋਲਣਾ ਗੁਰੂ ਸਾਹਿਬ ਨੂੰ ਮਲਾਰ ਰਾਗ ਵਿਚ ਬਾਣੀ ਉਚਾਰਨ ਕਰਨ ਲਈ ਪ੍ਰੇਰਨਾ ਦਿੰਦਾ ਹੈ।

- ਇਕ ਹੋਰ ਸਾਖੀ[9] ਵਿਚ ਮਲਾਰ ਰਾਗ ਵਿਚ ਬਾਣੀ ਉਚਾਰਨ ਕਰਨ ਦਾ ਹਵਾਲਾ ਮਿਲਦਾ ਹੈ:

ਤਬ ਗੁਰੂਬਾਬੇ ਨਾਨਕ ਜੀ ਮਲਾਰ ਰਾਗ ਮਹਿ ਬਾਨੀ ਬੋਲੀ। ਸਾਵਣ ਕਾ ਮਹੀਨਾ ਥਾ, ਉਪਰ ਤੇ ਮੇਘ ਬਰਸਤਾ ਥਾ, ਤਬ ਗੁਰੂ

ਬਾਬਾ ਨਾਨਕੁ ਜੀ ਅਲਾਪਿ ਕਰਿ ਮਲਾਰੁ ਬਾਨੀ ਬੋਲਿ ਉਠਿਆ ਜਿ:-

ਦੁਖੁ ਵੇਛੋੜਾ ਇਕੁ ਦੁਖੁ ਭੂਖ।। (ਵਾਰ ਮਲਾਰ ਮਹਲਾ ੧ ਪੰਨਾ 1256)

- ਇਕ ਹੋਰ ਸਾਖੀ ਵਿੱਚ ਵੀ ਐਸਾ ਹੀ ਬਸੰਤ ਰਾਗ ਬਾਰੇ ਦਰਜ ਹੈ। ਮਿਹਰਬਾਨ ਵਾਲੀ ਜਨਮ ਸਾਖੀ[10] ਵਿੱਚ ਬਸੰਤ ਦੀ ਵਿਆਖਿਆ ਨਾਮਕ ਇੱਕ ਸਾਖੀ ਆਉਂਦੀ ਹੈ:

ਜਦਿ ਗੁਰੂਨਾਨਕੁ ਜੀ ਪੰਜੀਸ ਛਬੀਸ ਬਰਸ ਕਾ ਭੈਆ ਤਬ ਏਕ ਦਿਨਿ ਪੰਜਾਬ ਕੀ ਧਰਤੀ ਨਗਰਿ ਤਲਵੰਡੀ ਰਾਇ ਭੋਇ ਦੀ ਗੁਰੂ ਬਾਬਾ ਨਾਨਕ ਜੀ ਅੰਦਰਿ ਘਰਿ ਕੈ ਬਿਖੈ ਪੜਿਆ ਹੀ ਰਹਤਾ। ਜਬ ਕਈ ਮਾਸ ਦਿਨ ਪੜਿਆ ਹੀ ਰਹਿਆ ਤਬ ਬਸੰਤ ਚੜਿਆ। ਤਬ ਜਿਤਨੇ ਲੋਕ ਤਲਵੰਡੀ ਕੇ ਥੇ ਏਤਨਿਆਂ ਲੋਕ ਮਿਲਿਨਿ ਆਏ ਜਿ - ਨਾਨਕ ਜੀ ! ਤੈ ਬਹੁਤੁ ਦਿਨ ਮਾਹ ਬੈਠੇ ਹੋਏ ਹੈਨਿ ਅੰਦਰੇ, ਪਰੁ ਹੁਣਿ ਚੇਤ੍ਰ ਚੜਿਆ ਹੈ। ਲੋਕ ਸਭਿ ਬਸੰਤੁ ਚੜਿਐ ਖੁਸੀ ਹੋਤੇ ਹੈਂ, ਬਾਹਰਿ ਚਲੀਐ, ਏਕ ਬਾਰ ਚੇਤ ਕੀ ਬਹਾਰ ਲੀਜੀਐ। ਤਬ ਗੁਰੂ ਬਾਬੈ ਨਾਨਕ ਜੀ ਬਸੰਤ ਰਾਗ ਮਹਿ ਬਾਣੀ ਬੋਲੀ ਜਿ:

ਮਾਹਾ ਮਾਹਾ ਮੁਮਾਰਖੀ ਚੜਿਆ ਸਦਾ ਬਸੰਤ।। (ਬਸੰਤ ਮਹਲਾ ੧, ਪੰਨਾ 1168)

ਭਾਈ ਮਰਦਾਨੇ ਨੂੰ ਨਾਲ ਲੈ ਕੇ ਗੁਰੂਸਾਹਿਬ ਇਕਾਂਤ ਵਿੱਚ ਸਿਰੀ ਰਾਗ ਵਿੱਚ ਸਬਦ ਸੁਣਦੇ ਹਨ।

ਮਿਹਰਬਾਨ ਵਾਲੀ ਜਨਮ ਸਾਖੀ[11] ਤੋਂ ਵੀ ਲਗਦਾ ਹੈ:

ਤਬ ਐਸੀ ਆਗਿਆ ਸ੍ਰੀ ਪਾਰਬ੍ਰਹਮ ਕੀ ਭਈ ਜਿ ਏਕ ਦਿਨਿ ਗੁਰੂ ਬਾਬੇ ਨਾਨਕ ਮਰਦਾਨੇ ਰਬਾਬੀ ਕਉ ਕਹਿਆ ਜਿ, ਮਰਦਾਨਿਆ, ਰਬਾਬ ਲੈ, ਤੋ ਅਜੁ ਕਿਤੇ ਇਕੰਤਿ ਜਾਇ ਕੈ ਗੁਜਰਾਨ ਕਰ ਆਈਐ ਇਥੈ ਲੋਕ ਧਿਰ ਧਿਰ ਦੇ ਆਦਿ ਝਬਦੇ ਹੋਨਿ, ਸ਼ਬਦ ਨਾਲਿ ਪਰਚਣ ਦੇਦੇਂਦੇ ਨਾਹੀ। ਅਖੈ ਜੀ ਭਲਾਪ ਤਬ ਗੁਰੂਬਾਬਾ ਨਾਨਕੁ ਜੀ ਮਰਦਾਨੇ ਨੋ ਸਾਥਿ ਲੈ ਕੇ ਬਾਹਿਰ ਆਇਆ। ਤਬ ਕੋਹ ਇਕ ਦੀ ਵਿਥਿ ਗਿਰਾਵਹੁ ਪਾਇ ਕੈ, ਇਕਤੁ ਕਿਨਾਰੇ ਦਰੀਆਵ ਤੇ ਨੇੜੇ ਭਲੀ ਠਉੜ ਦੇਖਿ ਕੈ, ਰੁਖ ਭੀ ਥੇ ਤਹਾ, ਗੁਰੂ ਬਾਬਾ ਜੀ ਬੈਠਿ ਗੈਆ। ਅਰੁ ਮਰਦਾਨੇ ਨੋ ਆਗਿਆ ਹੋਈ, ਜੁ ਰਬਾਬੁ ਸਾਜਿ ਕਰਿ ਅਤੇ ਉਚੇ ਸੁਰਿ ਹੋਇ ਕੇ ਸਬਦੁ ਉਚਾਰੁ ਕਰਿ। ਤਬ ਮਰਦਾਨੇ ਰਬਾਬੁ ਸਾਜਿ ਕੀਤਾ ਰਾਗ ਅਲਾਪਿਆ। ਸਿਰੀ ਰਾਗੁ ਮਰਦਾਨਾ ਲਗਾ ਗਾਵਣੇ। ਸੁ ਮਰਦਾਨੇ ਉਪਰਿ ਗੁਰੂ ਬਾਬੇ ਦੀ ਖੁਸੀ ਸੀ। ਜਾਂ ਮਰਦਾਨਾ ਗਾਵਦਾ, ਤਾਂ ਰੰਗੁ ਸਹਜੇ ਹੀ ਪਾਉਂਦਾ। ਤਬ ਬਾਬਾ ਬਹੁਤੁ ਰੰਗ ਦੇ ਘਰਿ ਹੋਆ। ਤਬ ਲੋਕ ਉਥੈ ਭੀ ਆਇ ਜੁੜਿ ਗਏ। ਤਬ ਜਦਿ ਮਰਦਾਨੇ ਬਹੁਤੁ ਸਬਦੁ ਗਾਵੈਂ , ਪਹਰੁ ਇਕੁ ਗੁਦਰਿਆ, ਤਬ ਸਬਦੁ ਕਾ ਭੋਗੁ ਪੈਆ। ਤਬ ਗੁਰੂਬਾਬਾ ਦੇਖੈ ਤਾਂ ਲੋਕ ਜੁੜੇ ਬੈਠੇ ਹੈਨਿ।

ਇਸ ਤਰ੍ਹਾਂ ਜਨਮ ਸਾਖੀਆਂ ਵਿੱਚ ਰਾਗ ਦੇ ਮਹੱਤਵ ਨੂੰ ਸਪਸ਼ਟ ਕਰਨ ਸਬੰਧੀ ਭਰਪੂਰ ਹਵਾਲੇ ਪ੍ਰਾਪਤ ਹੁੰਦੇ ਹਨ।

ਹਵਾਲੇ-


1- ਜਨਮ ਸਾਖੀ ਪਰੰਪਰਾ,ਭਾਈ ਮਨੀ ਸਿੰਘ ਵਾਲੀ ਜਨਮ ਸਾਖੀ,ਪੰਨਾ-360

2-ਭਾਈ ਮਨੀ ਸਿੰਘ ,ਗਿਆਨ ਰਤਨਾਵਲੀ, ਹਵਾਲਾ ਨਿਰਬਾਣ ਕੀਰਤਨ, ਗਿਆਨੀ ਹਰਬੰਸ ਪੰਨਾ 31-32

3-ਜਨਮ ਸਾਖੀ ਪਰੰਪਰਾ, ਮਿਹਰਬਾਨ ਵਾਲੀ ਜਨਮ ਸਾਖੀ,ਪੰਨਾ-216

4-ਜਨਮ ਸਾਖੀ ਪਰੰਪਰਾ, ਮਿਹਰਬਾਨ ਵਾਲੀ ਜਨਮ ਸਾਖੀ,ਪੰਨਾ-5

5-ਜਨਮ ਸਾਖੀ ਪਰੰਪਰਾ, ਮਿਹਰਬਾਨ ਵਾਲੀ ਜਨਮ ਸਾਖੀ,ਪੰਨਾ-77

6-ਜਨਮ ਸਾਖੀ ਪਰੰਪਰਾ, ਮਿਹਰਬਾਨ ਵਾਲੀ ਜਨਮ ਸਾਖੀ,ਪੰਨਾ-149-150

7-ਜਨਮ ਸਾਖੀ ਪਰੰਪਰਾ, ਮਿਹਰਬਾਨ ਵਾਲੀ ਜਨਮ ਸਾਖੀ,ਪੰਨਾ-231

8-ਜਨਮ ਸਾਖੀ ਪਰੰਪਰਾ, ਮਿਹਰਬਾਨ ਵਾਲੀ ਜਨਮ ਸਾਖੀ,ਪੰਨਾ-83

9-ਜਨਮ ਸਾਖੀ ਪਰੰਪਰਾ, ਮਿਹਰਬਾਨ ਵਾਲੀ ਜਨਮ ਸਾਖੀ,ਪੰਨਾ-80

10-ਜਨਮ ਸਾਖੀ ਪਰੰਪਰਾ, ਮਿਹਰਬਾਨ ਵਾਲੀ ਜਨਮ ਸਾਖੀ,ਪੰਨਾ-84 (2009)

11-ਜਨਮ ਸਾਖੀ ਪਰੰਪਰਾ, ਮਿਹਰਬਾਨ ਵਾਲੀ ਜਨਮ ਸਾਖੀ,ਪੰਨਾ-224-225


ਖੋਜਾਰਥੀ, ਗੁਰਮਤਿ ਸੰਗੀਤ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ

# ਰਾਗ ਭੈਰਵ (ਭੈਰਉ)

ਡਾ. ਰਾਜੇਸ਼ ਸ਼ਰਮਾ

ਭੈਰਵ ਰਾਗ ਭਾਰਤੀ ਸੰਗੀਤ ਪਰੰਪਰਾ ਦਾ ਇੱਕ ਪੁਰਾਣਾ ਤੇ ਪ੍ਰਚਲਿਤ ਰਾਗ ਹੈ। ਇਸ ਦਾ ਵਰਣਨ ਪ੍ਰਾਚੀਨ, ਮੱਧ ਕਾਲੀਨ ਤੇ ਆਧੁਨਿਕ ਕਾਲ ਦੇ ਲੱਗਭਗ ਸਾਰੇ ਗ੍ਰੰਥਕਾਰਾਂ ਨੇ ਆਪਣੇ-ਆਪਣੇ ਗ੍ਰੰਥਾਂ ਵਿੱਚ ਪ੍ਰਮੁੱਖ ਰਾਗ ਵਜੋਂ ਕੀਤਾ ਹੈ। ਭਾਰਤੀ ਸੰਗੀਤ ਦੀਆਂ ਦੋ ਪੱਧਤੀਆਂ ਵਿਚੋਂ ਹਿੰਦੁਸਤਾਨੀ ਸੰਗੀਤ ਪੱਧਤੀ ਵਿੱਚ ਇਸ ਨੂੰ ਭੈਰਵ ਥਾਟ ਦੇ ਅੰਤਰਗਤ ਰੱਖਿਆ ਗਿਆ ਹੈ ਜਿਸ ਨੂੰ ਕਰਨਾਟਕੀ ਸੰਗੀਤ ਪੱਧਤੀ ਅਧੀਨ ਕੁੱਝ ਸੁਪ੍ਰਸਿਧ ਗ੍ਰੰਥਕਾਰਾਂ ਜਿਵੇਂ ਪੰ. ਰਾਮਾਮਾਤਯ, ਪੁੰਡਰੀਕ ਵਿਠ੍ਹਲ ਤੇ ਸ੍ਰੀ ਕੰਠ ਨੇ 'ਮਾਲਵ ਗੌਲ' ਜਾਂ ਮਾਲਵਗੌਡ ਮੇਲ ਦੇ ਨਾਮ ਨਾਲ ਸੰਬੋਧਨ ਕੀਤਾ ਹੈ।

ਇਸ ਰਾਗ ਨੂੰ ਵਿਦਵਾਨਾਂ ਨੇ ਭੈਰਵ ਥਾਟ ਦੇ ਆਸ਼ਰਯ ਰਾਗ ਦੀ ਸੰਗਿਆ ਦਿੱਤੀ ਹੈ। ਪਰੰਤੂ ਕਈ ਤਰਕਵਾਦੀ ਗ੍ਰੰਥਕਾਰਾਂ ਨੇ ਇਸ ਉਤੇ ਆਪਤੀ ਉਠਾਈ ਹੈ ਅਤੇ ਭੈਰਵ ਦੇ ਸਮਾਨ ਹੀ ਕਲਿੰਗੜਾ ਜਾਂ ਇਸ ਤਰ੍ਹਾਂ ਦੇ ਕਿਸੇ ਦੂਸਰੇ ਰਾਗ ਨੂੰ ਆਸ਼ਰਯ ਰਾਗ ਸਿੱਧ ਕਰਨ ਦਾ ਯਤਨ ਕੀਤਾ ਹੈ। ਪਰੰਤੂ ਇਸ ਸਬੰਧੀ ਉਹਨਾਂ ਦੇ ਤਰਕ ਵਧੇਰੇ ਸਾਰਥਕ ਨਾ ਹੋਣ ਕਰਕੇ ਵਿਦਵਾਨ ਗੁਣੀ ਜਨਾਂ ਵਲੋਂ ਅਸਵੀਕਾਰੇ ਗਏ ਹਨ।

ਰਾਗ ਧਿਆਨ ਪਰੰਪਰਾ ਅਧੀਨ ਪੰ. ਦਮੋਦਰ ਭੈਰਵ ਰਾਗ ਦਾ ਧਿਆਨ ਕਰਦਿਆਂ ਇਸ ਨੂੰ ਆਪਣੇ ਗ੍ਰੰਥ ਸੰਗੀਤ ਦਰਪਣ ਵਿੱਚ ਮਹਾਂਦੇਵ ਸ਼ਿਵ-ਸ਼ੰਕਰ ਦੀ ਵਿਰਾਟ ਤੇ ਸੁੰਦਰ ਮੂਰਤ ਨਾਲ ਉਪਮਾਉਂਦਿਆਂ ਲਿਖਦੇ ਹਨ:

ਪੀਤ ਜਟਾ ਸਿਰ ਗੰਗ ਉਮੰਗਤ, ਭਾਲ ਵਿਸ਼ਾਲ ਮਯੰਕ ਵਿਰਾਜੈ।
ਲੋਚਨ ਤੀਨ ਲੈਸੇ ਦੁਖ ਮੋਚਨ, ਆਨਨ ਕਾਨਨ ਕੁੰਡਲ ਸਾਜੈ।
ਅੰਗ ਵਿਭੂਤੀ ਵ ਸੈ ਅਹਿਭੂਸ਼ਣ, ਸੂਲ ਕੀਏ ਕਰ ਡਰੈ ਵ ਬਾਜੈ।
ਰੂਪ ਅਨੂਪ ਸਦਾ ਸ਼ਿਵ ਸੂਰਤ, ਭੈਰਵ ਰਾਗ ਮਹਾ ਸ਼ਵੀ ਛਾਜੈ।

ਮੱਧ ਕਾਲ ਵਿੱਚ ਰਾਗ-ਰਾਗਣੀ ਪਰੰਪਰਾ ਦੇ ਅੰਤਰਗਤ ਭਰਤ ਮੱਤ, ਹਨੂਮੰਤ-ਮੱਤ, ਰਾਗਾਰਵਣ ਮੱਤ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅਖੀਰ 'ਤੇ ਅੰਕਿਤ 'ਰਾਗ ਮਾਲਾ' ਦੇ ਅਧੀਨ ਇਸ ਨੂੰ ਪਹਿਲਾ ਰਾਗ ਮੰਨਿਆ ਹੈ ਜਦਕਿ ਸੋਮੇਸ਼ਵਰ ਅਤੇ ਕਾਲੀਨਾਥ ਮੱਤ ਵਿੱਚ ਇਸ ਨੂੰ ਤੀਸਰਾ ਸਥਾਨ ਪ੍ਰਾਪਤ ਹੈ। ਇਸ ਤੋਂ ਇਲਾਵਾ ਉਪਰੋਕਤ ਮੱਤਾਂ ਵਿੱਚੋਂ ਸ਼ਿਵ ਮੱਤ, ਹਨੂਮੰਤ-ਮੱਤ, ਕਾਲੀਨਾਥ ਮੱਤ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਸ ਨੂੰ ਪੁਰਸ਼ ਰਾਗ ਦੀ ਸੰਗਿਆ ਦਿੱਤੀ ਹੈ ਅਤੇ ਇਸਦੀਆਂ ਰਾਗਣੀਆਂ ਦਾ ਵੀ ਜ਼ਿਕਰ ਕੀਤਾ ਮਿਲਦਾ ਹੈ । ਗੁਰੂ ਗ੍ਰੰਥ ਸਾਹਿਬ ਵਿਚ ਇਸ ਦੀਆਂ ਪੰਜ ਰਾਗਣੀਆਂ ਬਾਰੇ ਵਰਣਨ ਮਿਲਦਾ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਰਾਗਾਤਮਕ ਲੜੀ ਅਧੀਨ ਭੈਰਵ ਰਾਗ ਨੂੰ ੨੪ ਵਾਂ ਸਥਾਨ ਪ੍ਰਾਪਤ ਹੈ ਅਤੇ ਇਸ ਦਾ ਨਾਮ ਭੈਰਵ ਦੇ ਸਥਾਨ ਉੱਤੇ ਭੈਰਉ ਲਿਖਿਆ ਮਿਲਦਾ ਹੈ। ਇਸ ਰਾਗ ਅਧੀਨ ਗੁਰੂ ਨਾਨਕ ਦੇਵ ਜੀ, ਗੁਰੂ ਅਮਰਦਾਸ ਜੀ, ਗੁਰੂ ਰਾਮਦਾਸ ਜੀ, ਗੁਰੂ ਅਰਜਨ ਦੇਵ ਜੀ, ਭਗਤ ਕਬੀਰ ਜੀ, ਭਗਤ ਨਾਮਦੇਉ ਜੀ ਅਤੇ ਭਗਤ ਰਵਿਦਾਸ ਜੀ ਦੀ ਬਾਣੀ ਅੰਕਿਤ ਮਿਲਦੀ ਹੈ।

ਭੈਰਵ ਰਾਗ ਦੇ ਵਿਵਹਾਰਿਕ ਪੱਖ ਬਾਰੇ ਮੁੱਢਲੀ ਜਾਣਕਾਰੀ ਪੰ. ਅੱਪਾ ਤੁਲਸੀ ਦੁਆਰਾ ਰਚਿਤ ਗ੍ਰੰਥ ਚੰਦ੍ਰਿਕਾਸਾਰ ਵਿੱਚ ਦਰਜ ਸਲੋਕ ਤੋਂ ਮਿਲ ਜਾਂਦੀ ਹੈ, ਜਿਸ ਅਧੀਨ ਇਸ ਰਾਗ ਵਿਚ ਰਿਸ਼ਵ-ਧੈਵਤ ਕੋਮਲ, ਗੰਧਾਰ-ਨਿਸ਼ਾਦ ਸ਼ੁੱਧ ਲੱਗਦੇ ਹਨ ਅਤੇ ਵਾਦੀ-ਸੰਵਾਦੀ ਧੈਵਤ-ਰਿਸ਼ਭ ਹਨ।

ਭੈਰਵ ਕੋਮਲ ਰਿ-ਮ-ਧ-ਸੁਰ, ਤੀਂਖ ਗੰਧਾਰ ਨਿਖਾਦ।
ਧੈਵਤ ਵਾਦੀ ਸੁਰ ਕਹਯੋਂ ਤਾਸੂ ਰਿਸ਼ਭ ਸੰਵਾਦ॥

ਭੈਰਵ ਇਕ ਮਧੁਰ ਤੇ ਸਰਵ ਪ੍ਰਮਾਣਿਤ ਰਾਗ ਹੋਣ ਕਰਕੇ ਇਸਦੇ ਸਰੂਪ ਸੰਬੰਧੀ ਲੱਗਭੱਗ ਸਾਰੇ ਗ੍ਰੰਥਕਾਰ ਇੱਕ ਮੱਤ ਹਨ। ਭਾਈ ਕਾਨ੍ਹ ਸਿੰਘ ਨਾਭਾ ਭੈਰਵ ਬਾਰੇ ਲਿਖਦੇ ਹਨ, "ਇਕ ਰਾਗ ਜਿਸ ਦੀ ਛੀ ਰਾਗਾਂ ਵਿੱਚ ਗਿਣਤੀ ਹੈ, ਇਹ ਸੰਪੂਰਨ ਜਾਤੀ ਦਾ ਮਾਰਗੀ (ਮਾਰਗੀਯ) ਹੈ, ਇਸ ਦੇ ਆਲਾਪ ਦਾ ਵੇਲਾ ਪ੍ਰਾਤਹਕਾਲ ਹੈ, ਭੈਰਵ ਦੇ ਸੁਰ ਹਨ- ਰਿਸ਼ਭ/ਧੈਵਤ ਕੋਮਲ, ਆਰੋਹੀ ਵਿੱਚ ਰਿਸ਼ਭ ਕੋਮਲਤਰ ਅਰ ਸ਼ੜਜ, ਗਾਂਧਾਰ , ਮੱਧਮ, ਪੰਚਮ, ਨਿਸ਼ਾਦ ਸ਼ੁੱਧ, ਇਸ ਵਿੱਚ ਵਾਦੀ ਸੁਰ ਧੈਵਤ ਸੰਵਾਦੀ ਰਿਸ਼ਭ ਹੈ।...ਹਨੂਮੰਤ ਮੱਤ ਅਨੁਸਾਰ ਇਹ ਪੰਜ ਸੁਰ ਦਾ ਰਾਗ ਹੈ ਧੈਵਤ ਨਿਸ਼ਾਦ, ਸ਼ੜਜ, ਗਾਂਧਾਰ, ਮੱਧਯਮ।"

ਹਿੰਦੁਸਤਾਨੀ ਸੰਗੀਤ ਦੇ ਮਹਾਨ ਵਿਦਵਾਨ ਪੰ. ਵਿਸ਼ਨੂ ਨਰਾਇਣ ਭਾਤਖੰਡੇ ਭੈਰਵ ਬਾਰੇ ਹੋਰ ਜਾਣਕਾਰੀ ਦਿੰਦੇ ਹੋਏ ਲਿਖਦੇ ਹਨ, "ਕਦੀ-ਕਦੀ ਇਸ ਰਾਗ ਦੇ ਅਵਰੋਹ ਵਿਚ ਕੋਮਲ ਨਿਸ਼ਾਦ ਦਾ ਪ੍ਰਯੋਗ ਕੋਈ-ਕੋਈ ਗਾਇਕ ਕੁਸ਼ਲਤਾ ਪੂਰਵਕ ਕਰਦੇ ਹਨ। ਇਸ ਰਾਗ ਦੀ ਪ੍ਰਕਿਤੀ ਗੰਭੀਰ ਹੈ।... ਇਸ ਦੇ ਆਰੋਹ ਵਿੱਚ ਰਿਸ਼ਭ ਦਾ ਅਲਪੱਤਵ ਰਹਿੰਦਾ ਹੈ। ਮੱਧਯਮ ਤੋਂ

ਰਿਸ਼ਭ ਦੀ ਮੀਂਡ ਇਸ 'ਤੇ ਬਹੁਤ ਸੁੰਦਰ ਦਿਖਾਈ ਦਿੰਦੀ ਹੈ।" ਲਕਸ਼ਮੀ ਨਾਰਾਇਣ ਗਰਗ ਅਨੁਸਾਰ, "ਉਤਰ ਰਾਗ ਹੋਣ ਕਰਕੇ ਇਸ ਦੀ ਸੰਪੂਰਨ ਵਿਚੱਤਰਤਾ ਅਵਰੋਹੀ ਵਰਗ ਦੀਆਂ ਤਾਨਾਂ ਵਿੱਚ ਹੀ ਹੈ।" ਭੈਰਵ ਰਾਗ ਦੇ ਅਵਰੋਹ ਵਿੱਚ ਕੋਮਲ ਨਿਸ਼ਾਦ ਦਾ ਪ੍ਰਯੋਗ ਕਰਨ ਨਾਲ ਭੈਰਵੀ ਜਾਂ ਆਸਾਵਾਰੀ ਥਾਟ ਦੇ ਰਾਗਾਂ ਦਾ ਛਾਇਆ ਆਉਣ ਦਾ ਡਰ ਰਹਿੰਦਾ ਹੈ ਇਸ ਕਰਕੇ ਇਸ ਸਵਰ ਦਾ ਪ੍ਰਯੋਗ ਕੁਸ਼ਲ ਗਾਇਕ ਵਾਦਕਾਂ ਵੱਲੋਂ ਬੜੀ ਸੂਝ-ਬੂਝ ਨਾਲ ਕੀਤਾ ਜਾਂਦਾ ਹੈ ਜਿਸ ਨਾਲ ਇਸ ਰਾਗ ਦੀ ਖ਼ੂਬਸੂਰਤੀ ਹੋਰ ਵੀ ਨਿਖਰ ਜਾਂਦੀ ਹੈ।

ਸ੍ਰੀ ਵਿਮਲਾਕਾਂਤ ਰਾਇ ਚੌਧਰੀ ਭੈਰਵ ਦੇ ਸਰੂਪ ਸੰਬੰਧੀ ਲਿਖਦੇ ਹਨ," ਇਸ ਵਿੱਚ ਸਾ-ਰੇ-ਮ ਸਵਰ ਸੰਗਤੀ ਨੂੰ ਛੱਡ ਕੇ ਹੋਰ ਕਿਸੀ ਵੀ ਸਵਰ ਸੰਗਤੀ ਦਾ ਪ੍ਰਯੋਗ ਕੀਤਾ ਜਾ ਸਕਦਾ ਹੈ, ਜੇਕਰ ਇਸ ਸਵਰ ਸੰਗਤੀ ਸ-ਰੇ-ਮ ਦਾ ਪ੍ਰਯੋਗ ਕੀਤਾ ਵੀ ਜਾਵੇ ਤਾਂ ਉਹ ਗ ਉਤੇ ਸਮਾਪਤ ਹੋਣੀ ਚਾਹੀਦੀ ਹੈ ਜਿਵੇਂ ਸ ਰੇ ਮ ਗ,।" ਇਸਦੇ ਆਰੋਹ ਵਿਚ ਕਦੀ-ਕਦੀ ਨਿਸ਼ਾਦ ਸਵਰ ਨੂੰ ਛੱਡ ਕੇ ਜਾਣ ਦਾ ਵੀ ਵਿਵਹਾਰ ਦੇਖਿਆ ਜਾਂਦਾ ਹੈ ਜਿਵੇਂ ਮ ਪ ਧੁ ਸਂ। ਪਰੰਤੂ ਜ਼ਿਆਦਾਤਰ ਨਿਸ਼ਾਦ ਦਾ ਪ੍ਰਯੋਗ ਕੀਤਾ ਜਾਂਦਾ ਹੈ। ਇਸ ਤੋਂ ਇਲਾਵਾ ਕਈ ਗੁਣੀਜਨ ਆਰੋਹ ਵਿਚ 'ਰੇ' ਦਾ ਲੰਘਨ ਅਲਪੱਤਵ ਵੀ ਕਰਦੇ ਹਨ ਜਿਵੇਂ ਸ ਗ ਮ ਪ ਧੁ ਨੀ ਸਂ। ਅਵਰੋਹ ਵਿਚ ਗੰਧਾਰ ਸਵਰ ਦਾ ਵਕਰ ਪ੍ਰਯੋਗ ਕੀਤਾ ਜਾਂਦਾ ਹੈ ਜਿਵੇਂ ਮ ਗ ਮ ਰੇ ਸ, ਜਾਂ ਗ ਮ ਰੇ ਸ। ਸ੍ਰੀ ਵਿਮਲਾਕਾਂਤ ਇਸ ਰਾਗ ਦਾ ਪੰਚਮ ਨਿਆਸ ਦਾ ਸੁਰ ਹੋਣ ਕਰਕੇ ਇਸੇ ਨੂੰ ਹੀ ਵਾਦੀ ਜਾਂ ਅੰਸ਼ ਸਵਰ ਮੰਨਣ ਦੇ ਵਧੇਰੇ ਵਿਸ਼ਵਾਸੀ ਹਨ। ਉਹਨਾਂ ਅਨੁਸਾਰ," ਵਿਵਹਾਰ ਵਿਚ ਧੈਵਤ ਨੂੰ ਬਾਕੀ ਸਵਰਾਂ ਦੀ ਬਜਾਇ ਜ਼ਿਆਦਾ ਮਹੱਤਵ ਨਹੀਂ ਦਿੱਤਾ ਜਾਂਦਾ।" ਇਸ ਕਰਕੇ ਪੰਚਮ ਨੂੰ ਅੰਸ਼ ਸਵਰ ਮੰਨਣਾ ਚਾਹੀਦਾ ਹੈ ਅਤੇ ਪੰਚਮ ਨਾਲ ਸ਼ੜਜ ਸਵਰ ਦਾ ਸੰਵਾਦ ਹੋਣ ਕਰਕੇ ਪ-ਸ ਦੀ ਸਵਰ ਸੰਗਤੀ ਵਾਦੀ-ਸੰਵਾਦੀ ਮੰਨੀ ਜਾਣੀ ਚਾਹੀਦੀ ਹੈ। ਪਰੰਤੂ ਭਾਰਤੀ ਸੰਗੀਤ ਦੇ ਸਮੂਹ ਕਲਾਕਾਰਾਂ ਤੇ ਵਿਦਵਾਨਾਂ ਨੇ ਭੈਰਵ ਵਿਚ ਧੁ, ਰੇ ਦੀ ਮਹੱਤਤਾ ਨੂੰ ਸਵੀਕਾਰਿਆ ਹੈ ਜਿਸ ਕਰਕੇ ਇਹਨਾਂ ਸਵਰਾਂ ਨੂੰ ਵਾਦੀ-ਸੰਵਾਦੀ ਦਾ ਦਰਜਾ ਪ੍ਰਾਪਤ ਹੈ। ਇਹਨਾਂ ਸਵਰਾਂ ਨਾਲ ਗੰਧਾਰ-ਨਿਸ਼ਾਦ ਦਾ ਕਣ-ਯੁਕਤ ਅੰਦੋਲਨ ਰਾਗ ਦੀ ਸੁੰਦਰਤਾ ਵਧਾਉਂਦਾ ਹੈ।

ਪੰ. ਨਾਰਾਇਣ ਮੋਰੇਸ਼ਵਰ ਖਰੇ ਨੇ ਰਾਗਾਂਗ ਪੱਧਤੀ ਅਧੀਨ ਭੈਰਵ ਦੀ ਗ ਮ ਧੁ ਧੁ ਪ, ਗ ਮ ਰੇ ਰੇ ਸ ਸਵਰ ਸੰਗਤੀ ਦਾ ਅੰਗ ਨਿਰਧਾਰਿਤ ਕੀਤਾ ਹੈ ਜਿਸ ਦਾ ਪ੍ਰਯੋਗ ਇਸ ਦੇ ਕਈ ਪ੍ਰਕਾਰਾਂ ਵਿਚ ਲਗਾਇਆ ਜਾਂਦਾ ਹੈ ਜਿਵੇਂ ਨਟ ਭੈਰਵ, ਅਹੀਰ ਭੈਰਵ, ਆਨੰਦ ਭੈਰਵ ਆਦਿ। ਭੈਰਵ ਨੂੰ ਸੰਧੀ ਪ੍ਰਕਾਸ਼ ਰਾਗਾਂ ਦੀ ਸ਼੍ਰੇਣੀ ਵਿੱਚ ਰੱਖਿਆ ਜਾਂਦਾ ਹੈ ਜਿਸ ਕਰਕੇ ਇਸ ਦੇ ਨਾਲ-ਨਾਲ ਇਸਦੇ ਕਿਸੇ ਵੀ ਪ੍ਰਕਾਰ ਵਿਚ ਕੋਮਲ ਰਿਸ਼ਭ ਨੂੰ ਪੂਰਨ ਤੌਰ 'ਤੇ ਵਰਜਿਤ ਨਹੀਂ ਕੀਤਾ ਜਾਂਦਾ। ਭੈਰਵ ਦੀ ਹੋਰ ਖ਼ਾਸੀਅਤ ਇਹ ਹੈ ਕਿ, "ਜੇਕਰ ਇਸਦੀ ਮੂਰਛਨਾ ਪੱਧਤੀ ਅਨੁਸਾਰ ਹਰੇਕ ਸਵਰ ਦੀ ਮੂਰਛਨਾ ਕੀਤੀ ਜਾਵੇ ਤਾਂ ਕੋਈ ਥਾਟ ਨਹੀਂ ਮਿਲਦਾ।

ਉਪਰੋਕਤ ਚਰਚਾ ਤੋਂ ਭੈਰਵ ਰਾਗ ਦੇ ਸਰੂਪ ਸੰਬੰਧੀ ਜੋ ਵਿਚਾਰ ਸਾਹਮਣੇ ਆਉਂਦੇ ਹਨ ਉਹਨਾਂ ਅਨੁਸਾਰ ਇਸਦਾ ਸਰਵ ਪ੍ਰਮਾਣਿਤ ਸਰੂਪ ਨਿਮਨਲਿਖਤ ਅਨੁਸਾਰ ਬਣਦਾ ਹੈ।

| | | | | | |
|---|---|---|---|---|---|
| ਥਾਟ | - | ਭੈਰਵ | ਸਵਰ | - | ਰੇ ਧੁ, ਬਾਕੀ ਸ਼ੁੱਧ |
| ਜਾਤੀ | - | ਸੰਪੂਰਨ | ਵਾਦੀ | - | ਧੈਵਤ |
| ਸੰਵਾਦੀ | - | ਰਿਸ਼ਭ | ਪ੍ਰਕਿਤੀ | - | ਗੰਭੀਰ |
| ਸਮਾਂ | - | ਸਵੇਰ ਦਾ ਸੰਧੀ ਪ੍ਰਕਾਸ਼ (੪-੩੦-੭:੦੦) | | | |
| ਆਰੋਹ | - | ਸ ਰੇ, ਗ ਮ ਪ ਧ, ਨੀ ਸਂ | | | |
| ਅਵਰੋਹ | - | ਸਂ ਨੀ ਧੁ ਧੁ ਪ, ਮ ਗ, ਰੇ, ਸ | | | |
| ਮੁੱਖ ਅੰਗ | - | ਗ ਮ ਧੁ ਧੁ ਪ, ਗ ਮ ਰੇ ਰੇ ਸ। | | | |


ਸਹਾਇਕ ਸਮੱਗਰੀ

ਲਕਸ਼ਮੀ ਨਾਰਾਇਣ ਗਰਗ - ਸੰਗੀਤ (ਭੈਰਵ ਥਾਟ ਅੰਕ), ਜਨਵਰੀ ੧੯੫੫, ਪੰਨਾ ੩. ॥

ਕਾਨ੍ਹ ਸਿੰਘ ਨਾਭਾ - ਮਹਾਨ ਕੋਸ਼, ਭਾਸ਼ਾ ਵਿਭਾਗ ਪੰਜਾਬ, ਤੀਜੀ ਵਾਰ ੧੯੭੪ ਪੰਨਾ ੯੨੫.

ਵਿਸ਼ਨੂ ਨਰਾਇਣ ਭਾਤਖੰਡ - ਕ੍ਰਮਿਕ ਪੁਸਤਕ ਮਾਲਿਕਾ ਭਾਗ ੨, ਸੰਗੀਤ ਕਾਰਯਾਲਯ ਹਾਥਰਸ,

ਵਿਮਲਾਕਾਂਤ ਰਾਇ ਚੌਧਰੀ - ਰਾਗ ਵਿਆਕਰਣ, ਭਾਰਤੀਯ ਗਿਆਨ ਪੀਠ ਨਵੀਂ ਦਿੱਲੀ, ੧੯੯੧, ਪੰਨਾ ੪੧੨.

ਡਾ. ਗੁਰਨਾਮ ਸਿੰਘ - ਗੁਰਮਤਿ ਸੰਗੀਤ ਪਰਬੰਧ ਤੇ ਪਾਸਾਰ, ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ ਪਟਿਆਲਾ, ੨੦੦੦, ਪੰਨਾ ੧੧੯



ਲੈਕਚਰਾਰ, ਸੰਗੀਤ ਵਿਭਾਗ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ

# ਭਗਤੀ ਦੇ ਪਰਿਪੇਖ ਵਿਚ ਸੰਗੀਤ

## ਡਾ. ਜਤਿੰਦਰ ਕੌਰ

ਭਗਤੀ ਆਮ ਤੌਰ 'ਤੇ ਪ੍ਰਭੂ ਵਿਚ ਵਿਸ਼ਵਾਸ ਰੱਖਣ ਨੂੰ ਆਖਦੇ ਹਨ। ਦੂਜੇ ਸ਼ਬਦਾਂ ਵਿਚ ਰੱਬ ਦੇ ਵੱਲ ਭਗਤਾਂ ਦੀ ਸ਼ਰਧਾ ਹੀ ਭਗਤੀ ਅਖਵਾਉਂਦੀ ਹੈ। ਨਾਰਦ ਅਤੇ ਸ਼ਾਂਡਿਲਿਯ ਭਗਤੀ ਸੂਤਰਾਂ ਦੇ ਅਨੁਸਾਰ ਈਸ਼ਵਰ ਪ੍ਰਤੀ ਪੂਰਨ ਸ਼ਰਧਾ ਨੂੰ ਭਗਤੀ ਦੀ ਸੰਗਿਆ ਨਾਲ ਪੁਕਾਰਿਆ ਜਾਂਦਾ ਹੈ। ਪ੍ਰਭੂ ਦੇ ਵਾਸਤੇ ਸਿਰਫ ਇਹ ਲਗਾਉ (ਸ਼ਰਧਾ) ਹੀ ਸ਼ਰਧਾ ਨਹੀਂ ਹੁੰਦੀ। ਸਗੋਂ ਇਸ ਵਿਚ ਇਸ਼ਟਦੇਵ ਦੇ ਪ੍ਰਤੀ ਆਦਰ, ਸ਼ਰਧਾ ਅਤੇ ਲਗਾਵ ਦੇ ਸੁਮੇਲ ਨੂੰ ਹੀ ਭਗਤੀ ਕਿਹਾ ਜਾਂਦਾ ਹੈ। 'ਭਗਤੀ' ਸ਼ਬਦ ਦੇ ਉਚਾਰਣ ਨਾਲ ਧਾਰਮਿਕ ਅਧਿਆਤਮਕ ਬੰਦਗੀ ਜਾਂ ਅਧਿਆਤਮਕ ਮਾਹੌਲ ਜਾਂ ਵਾਤਾਵਰਣ ਪੈਦਾ ਹੁੰਦਾ ਹੈ।

ਸਿੱਖ ਧਰਮ ਵਿਚ ਕੀਰਤਨ ਨੂੰ ਭਗਤੀ ਦਾ ਪ੍ਰਮੁੱਖ ਸਾਧਨ ਮੰਨਿਆ ਜਾਦਾ ਹੈ ਅਤੇ ਆਮ ਤੌਰ 'ਤੇ ਸਮੂਹ ਸਿੱਖ ਗੁਰੂਆਂ ਦੀ ਇਹ ਧਾਰਨਾ ਰਹੀ ਹੈ ਕਿ ਲੈਅਬੱਧ ਕੀਰਤਨ ਨਾਲ ਮਨ ਨੂੰ ਇਕਾਗਰ ਚਿੱਤ ਅਤੇ ਸਾਧਨਾ ਲਈ ਉਤਸ਼ਾਹਿਤ ਕੀਤਾ ਜਾ ਸਕਦਾ ਹੈ।

ਮਨੁੱਖ ਭਾਵਨਾਤਮਕ ਪ੍ਰਾਣੀ ਹੈ। ਉਸ ਨੂੰ ਸਰੀਰਕ ਭੋਜਨ ਦੇ ਨਾਲ ਨਾਲ ਮਾਨਸਿਕ ਭੋਜਨ ਦੀ ਵੀ ਲੋੜ ਹੁੰਦੀ ਹੈ ਤੇ ਇਸ ਦੀ ਪੂਰਤੀ ਲਈ ਆਨੰਦ ਦੀ ਕਲਪਨਾ ਹੀ ਉਸ ਨੂੰ ਸ੍ਰਿਸ਼ਟੀ ਦੇ ਨਾਲ ਤਾਲਮੇਲ ਸਥਾਪਿਤ ਕਰਦੀ ਹੋਈ ਕਲਾਤਮਕ ਪ੍ਰਵਿਰਤੀ ਨੂੰ ਸਾਕਾਰ ਰੂਪ ਦੇਣ ਦਾ ਯਤਨ ਕਰਦੀ ਰਹੀ ਹੈ। ਆਨੰਦ ਦੀ ਖੋਜ ਕਰਨ ਵਾਲੀ ਇਸ ਪ੍ਰਵਿਰਤੀ ਨੇ ਹੀ ਲਲਿਤ ਕਲਾਵਾਂ ਨੂੰ ਜਨਮ ਦਿੱਤਾ। ਲਲਿਤ ਕਲਾਵਾਂ ਮੁੱਖ ਤੌਰ 'ਤੇ ਪੰਜ ਹਨ: ਚਿੱਤਰਕਲਾ, ਮੂਰਤੀ ਕਲਾ, ਵਾਸਤੂ ਕਲਾ, ਸਾਹਿਤ ਕਲਾ ਅਤੇ ਸੰਗੀਤ ਕਲਾ। ਇਹਨਾਂ ਸਾਰੀਆਂ ਲਲਿਤ ਕਲਾਵਾਂ ਵਿਚ ਸੰਗੀਤ ਦਾ ਮੁੱਖ ਸਥਾਨ ਰਿਹਾ ਹੈ। ਹਰੇਕ ਸ਼ਾਸਤਰ ਜਾਂ ਕਲਾ ਦੀ ਇਹ ਮਾਨਤਾ ਰਹੀ ਹੈ ਕਿ ਉਹ ਪਰਮਾਤਮਾ ਨਾਲ ਹੀ ਸੰਬੰਧਤ ਹੈ ਅਤੇ ਮਨੁੱਖ ਪਰਮਾਤਮਾ ਤਕ ਚੜ੍ਹਤ ਦਾ ਸਾਧਨ ਹੈ।

ਭਾਰਤੀ ਸੰਗੀਤ ਅਤਿਅੰਤ ਦੈਵੀ ਅਤੇ ਪਵਿੱਤਰ ਪ੍ਰਾਪਤੀ ਹੈ। ਇਸ ਦੇ ਤਿੰਨ ਅੰਗ ਗਾਇਨ, ਵਾਦਨ ਅਤੇ ਨ੍ਰਿਤ ਸਵੀਕਾਰ ਕੀਤੇ ਗਏ ਹਨ:

ਗੀਤੰ ਵਾਦਯੰ ਚ ਨੰਤਯੰ ਤ੍ਰਯੰ ਸੰਗੀਤਮੁਚਯਤੇ

ਅਰਥਾਤ ਗਾਇਨ, ਵਾਦਨ ਅਤੇ ਨ੍ਰਿਤ ਤਿੰਨਾਂ ਕਲਾਵਾਂ ਦੇ ਮੇਲ ਨੂੰ ਸੰਗੀਤ ਆਖਦੇ ਹਨ। ਅਸਲ ਵਿਚ ਇਨ੍ਹਾਂ ਤਿੰਨਾਂ ਕਲਾਵਾਂ ਦਾ ਆਪਣਾ ਵੱਖ ਵੱਖ ਸਥਾਨ ਹੈ। ਕੁੱਝ ਲੋਕ ਸਿਰਫ਼ ਗਾਇਨ ਨੂੰ ਹੀ ਸੰਗੀਤ ਕਹਿ ਕੇ ਪੁਕਾਰਦੇ ਹਨ। ਇਸ ਦਾ ਕਾਰਨ ਇਹ ਹੈ ਕਿ ਗਾਇਨ ਤਿੰਨਾਂ ਤੋਂ ਸਰਬ-ਸ੍ਰੇਸ਼ਟ ਹੈ। ਸੰਗੀਤ ਸ਼ਬਦ ਦੀ ਵਿਖਾਖਿਆ ਕਰਨ ਤੋਂ ਵੀ 'ਸ' ਦਾ ਅਰਥ ਹੋਇਆ ਸ੍ਰੇਸ਼ਟ ਅਤੇ ਗੀਤ ਦਾ ਅਰਥ ਹੋਇਆ ਗਾਇਨ ਜਾਂ ਗੀਤ ਅਰਥਾਤ ਸ੍ਰੇਸ਼ਟ ਗਾਇਨ ਨੂੰ ਹੀ ਸੰਗੀਤ ਕਹਾਂਗੇ। ਪਰੰਤੂ ਅਸਲ ਵਿਚ ਭਾਰਤੀ ਸੰਗੀਤ ਵਿਚ ਉਪਰ ਲਿਖੀਆਂ ਤਿੰਨਾਂ ਕਲਾਵਾਂ ਦਾ ਸੁਮੇਲ ਹੁੰਦਾ ਹੈ।

ਸੰਗੀਤ ਦੇ ਆਸ਼ੇ ਨੂੰ ਪ੍ਰਗਟਾਉਣ ਲਈ ਜੋ ਸ਼ਬਦ ਆਦਿ ਕਾਲ ਤੋਂ ਪ੍ਰਯੋਗ ਕੀਤੇ ਜਾ ਰਹੇ ਹਨ ਉਹ ਗੀਤ, ਗਾਤੁ, ਗਾਥਾਂ, ਗਾਇਨ, ਗੀਤਿ ਅਤੇ ਸਾਮ ਸ਼ਬਦ ਹਨ।[2]

ਸੰਗੀਤ ਆਨੰਦ ਦਾ ਆਵਿਰਭਾਵ ਹੈ, ਆਨੰਦ ਪਰਮਾਤਮਾ ਦਾ ਸਰੂਪ ਹੈ। ਸੰਗੀਤ ਦੁਆਰਾ ਹੀ ਦੁੱਖ ਦੇ ਅੰਸ਼ ਮਾਤਰ ਤੋਂ ਵੀ ਸੰਬੰਧ ਨਾ ਰੱਖਣ ਵਾਲਾ ਸੁੱਖ ਮਿਲਦਾ ਹੈ। ਇਸ ਦੁੱਖਾਂ ਭਰੇ ਸੰਸਾਰ ਵਿਚ ਸੰਗੀਤ ਵਿਚ ਸੁਰਗਾਂ ਦਾ ਵਾਸ ਹੈ । ਸੰਗੀਤ ਦੇ ਪਰਮਾਤਮਾ ਸਰੂਪ ਹੋਣ ਦੇ ਕਾਰਨ ਜੋ ਵਿਅਕਤੀ ਸੰਗੀਤ ਦਾ ਅਭਿਆਸ ਕਰਦੇ ਹਨ ਉਹ ਤਪ, ਦਾਨ, ਯੱਗ, ਕਰਮਯੋਗ ਆਦਿ ਦੇ ਕਸ਼ਟ ਨਾ ਝੱਲਦੇ ਹੋਏ ਮੁਕਤੀ ਮਾਰਗ ਤੱਕ ਪੁੱਜਦੇ ਹਨ । [3]

ਸ਼ਬਦ,ਧੁਨੀ ਅਤੇ ਅਰਥ ਦੁਆਰਾ ਪੂਰਨ ਕਾਵਿ ਹੋਵੇ ਜਾਂ ਧਨੀ ਅਤੇ ਨਾਦ ਤੋਂ ਚੰਗੀ ਤਰ੍ਹਾਂ ਵਿਕਸਿਤ ਸੰਗੀਤ)–ਇਹ ਦੋਵੇਂ ਕਲਾਵਾਂ ਪਰਮਾਤਮਾ ਨਾਲ ਸੰਯੋਗ ਕਰਾਉਣ ਦੇ ਕਾਰਨ ਯੋਗ ਦੀ ਸ਼੍ਰੇਣੀ ਵਿਚ ਪਹੁੰਚ ਜਾਂਦੀਆਂ ਹਨ।[4] ਇਸ ਪ੍ਰਕਾਰ ਸੰਗੀਤ ਇਕ ਉਪਾਸਨਾ ਅਤੇ ਅਧਿਆਤਮਕ ਸਾਧਨਾ ਹੈ।

ਸੰਗੀਤ ਰੂਪੀ ਇਕ ਮਾਤਰ ਸਾਧਨ ਤੋਂ ਧਰਮ, ਅਰਥ, ਕਾਮ ਅਤੇ ਮੁਕਤੀ ਚਾਰੇ ਪੁਰਾਸ਼ਾਰਥ ਪ੍ਰਾਪਤ ਹੁੰਦੇ ਹਨ। ਭਾਗਵਦ ਭਜਨ ਨਾਲ ਧਰਮ, ਰਾਜਿਆਂ ਅਤੇ ਪ੍ਰਭੂਆਂ ਤੋਂ ਮਿਲੇ ਹੋਏ ਸਨਮਾਨ ਦੇ ਰੂਪ ਵਿਚ ਅਰਥ, ਅਰਥ ਤੋਂ ਕਾਮ ਅਤੇ ਪਰਮਾਤਮਾ ਦੇ ਪ੍ਰਸ਼ਾਦ ਦੇ ਫਲਸਰੂਪ ਮੁਕਤੀ ਦੀ ਵੀ ਪ੍ਰਾਪਤੀ ਹੁੰਦੀ ਹੈ। ਇਸ ਪ੍ਰਕਾਰ ਸੰਗੀਤ ਸਾਰੇ ਜੀਵਨ ਸਮੂਹ ਨੂੰ ਆਨੰਦ ਦਾ ਵਰ ਦੇ ਕੇ ਆਪਣੇ ਵੱਲ ਖਿੱਚ ਲੈਂਦਾ ਹੈ। ਇਹ ਇਕ ਬਹੁਤ ਪ੍ਰਸਿੱਧ ਵਾਕ ਹੈ :

ਪਸ਼ੁਰਵਤਿ ਸ਼ਿਸ਼ੁ ਵੇਰਤਿੰ ਗਾਨਰਸ ਕਣੀ।[5]

ਸੰਗੀਤ ਇਕ ਸੰਮੋਹਨ (ਤਿਲਸਮੀ) ਵਿੱਦਿਆ ਹੈ। ਇਸ ਵਿਚ ਉਹ ਜਾਦੂਈ ਸ਼ਕਤੀ ਹੈ ਜੋ ਹਰੇਕ ਵਿਅਕਤੀ ਨੂੰ ਆਕਰਸ਼ਿਤ ਕਰਦੀ ਹੈ। ਸ਼ਾਇਦ ਇਸੇ ਗੱਲ ਤੋਂ ਪ੍ਰਭਾਵਿਤ ਹੋ ਕੇ ਸਾਡੇ ਰਿਸ਼ੀਆਂ ਮੁਨੀਆਂ ਨੇ ਇਸ ਨੂੰ ਪਰਮਾਤਮਾ ਦੀ ਉਪਾਸਨਾ ਦਾ ਸਾਧਨ ਬਣਾਇਆ ਹੈ। ਅਜਿਹੀ ਵਿੱਦਿਆ ਅਤੇ ਕਲਾ ਦੀ ਜਿੰਨੀ ਵੀ ਪ੍ਰਸੰਸਾ ਕੀਤੀ ਜਾਵੇ ਉਹ ਘੱਟ ਹੈ। ਖੁਦ ਭਗਵਾਨ ਸ਼੍ਰੀ ਕ੍ਰਿਸ਼ਨ ਜੀ ਨੇ ਸੰਗੀਤ ਆਚਾਰੀਆ ਨਾਰਦ ਨੂੰ ਕਿਹਾ ਹੈ :

ਨਾਹਿ ਬਸਾਮੇਂ ਬੈਕੁੰਠੇ ਯੋਗਿਨੀ ਹਿਰਦਯੇ ਨ ਚ
ਸਦ ਮਤੰ ਯੰਤ੍ਰ ਗਾਯੰਤਿ ਤਮ ਨਿਸ਼ਠਾਮਿ ਨਾਰਦ।

ਆਮ ਤੌਰ 'ਤੇ ਸੁਰਾਂ ਦੀ ਉਹ ਰਚਨਾ ਜੋ ਚਿੱਤ ਦਾ ਮਨੋਰੰਜਨ ਕਰੇ ਅਤੇ ਆਨੰਦ ਪ੍ਰਦਾਨ ਕਰੇ, ਜੋ ਮਧੁਰ ਅਤੇ ਸੁਰੀਲੀ ਹੋਵੇ ਉਸ ਨੂੰ ਸੰਗੀਤ ਆਖਦੇ ਹਨ। ਰਵਿੰਦਰ ਨਾਥ ਠਾਕੁਰ ਆਪਣੀ ਪੁਸਤਕ 'ਸਾਧਨਾ' ਵਿਚ ਲਿਖਦੇ ਹਨ : ਸੰਗੀਤ ਸਾਰੀਆਂ ਕਲਾਵਾਂ ਤੋਂ ਸ੍ਰੇਸ਼ਟ ਕਲਾ ਹੈ ਕਿਉਂਕਿ ਗਾਇਕ ਨੂੰ ਜਿਨ੍ਹਾਂ-ਜਿਨ੍ਹਾਂ ਚੀਜ਼ਾਂ ਦੀ ਜ਼ਰੂਰਤ ਹੁੰਦੀ ਹੈ ਉਹ ਸਭ ਉਸ ਦੇ ਅੰਦਰ ਮੌਜੂਦ ਹਨ। ਉਸ ਦਾ ਵਿਚਾਰ ਅਤੇ ਉਸ ਦਾ ਪ੍ਰਗਟਾਅ ਆਪਸ ਵਿਚ ਭਰਾ-ਭੈਣ ਹਨ। ਆਮ ਤੌਰ 'ਤੇ ਇਹ ਜੋੜੇ ਦੇ ਰੂਪ ਵਿਚ ਪੈਦਾ ਹੁੰਦੇ ਹਨ। ਸੰਗੀਤ ਵਿਚ ਮਨ ਉਸ ਵੇਲੇ ਹੀ ਆਪਣੇ ਆਪ ਨੂੰ ਵਿਅਕਤ ਕਰਦਾ ਹੈ। ਉਸ ਨੂੰ ਕਦੇ ਵੀ ਦੂਜੇ ਪਦਾਰਥਾਂ ਦੀ ਔਕੜ ਪਰੇਸ਼ਾਨ ਨਹੀਂ ਕਰਦੀ।

ਸ਼ੇਖ ਸਾਅਦੀ ਦਾ ਕਥਨ ਹੈ, 'ਸੰਗੀਤ ਦੇ ਪਿੱਛੇ ਪਿੱਛੇ ਖ਼ੁਦਾ ਚੱਲਦਾ ਹੈ। ਜਿਸ ਦਿਲ ਨੂੰ ਸੰਗੀਤ ਤਰੰਗ ਨਾਲ ਨਹੀਂ ਭਰ ਦਿੰਦਾ ਤੇ ਸਮਝ ਲਵੋ ਕਿ ਉਸ ਦੇ ਦਿਲ ਤੋਂ ਸ਼ੈਤਾਨ ਵੀ ਡਰਦਾ ਹੈ।'

ਕਰੈਡਿਕ ਨੇ ਜੀਵਨ ਦੀ ਸਾਰਥਿਕਤਾ ਸੰਗੀਤ ਦੇ ਕਾਰਨ ਹੀ ਮੰਨੀ ਹੈ।

ਲਯੂਰ ਦਾ ਕਹਿਣਾ ਹੈ ਕਿ ਸੰਗੀਤ ਮਨੁੱਖ ਨੂੰ ਦਿਆਲੂ ਅਤੇ ਬੁੱਧੀਮਾਨ ਬਣਾਉਣਾ ਹੈ। ਸੰਗੀਤ ਪਰਮਾਤਮਾ ਦੀ ਬਖ਼ਸ਼ੀ ਹੋਈ ਕਲਾ ਹੈ ਜੋ ਮਨੁੱਖ ਦੇ ਦੁੱਖਾਂ ਨੂੰ ਦੂਰ ਕਰ ਕੇ ਸ਼ਾਂਤੀ ਪ੍ਰਦਾਨ ਕਰਦੀ ਹੈ।

ਅਸਲ ਵਿਚ ਸੰਗੀਤ ਇਕ ਉੱਚ-ਕੋਟੀ ਦੀ ਕਲਾ ਹੁੰਦੀ ਹੈ ਜਿਸ ਦਾ ਮਨੁੱਖੀ ਜੀਵਨ ਵਿਚ ਬਹੁਤ ਵੱਡਾ ਹੱਥ ਹੈ। ਸੰਗੀਤ ਦੁਆਰਾ ਮਨੁੱਖ ਦਾ ਮਾਨਸਿਕ ਵਿਕਾਸ ਹੁੰਦਾ ਹੈ। ਸੰਗੀਤ ਇਕ ਅਜਿਹੀ ਕਲਾ ਹੈ ਜਿਸ ਨੂੰ ਸੁਣ ਕੇ ਦਿਲ ਦੇ ਤਾਰ ਆਪਣੇ ਆਪ ਵੱਜ ਉੱਠਦੇ ਹਨ। ਸੰਗੀਤ ਦੁਆਰਾ ਮਨੁੱਖ ਆਪਣੇ ਮਨ ਦੇ ਭਾਵਾਂ ਨੂੰ ਉੱਚਿਤ ਤਰੀਕੇ ਨਾਲ ਪ੍ਰਸਤੁਤ ਕਰਦਾ ਹੈ। ਸੰਗੀਤ ਮੁਕਤੀ ਦਾ ਸਾਧਨ ਹੈ। ਸੰਗੀਤ ਮਿੱਠਾ ਅਤੇ ਸੁਰੀਲਾ ਹੋਵੇ ਤਾਂ ਸਰੋਤੇ ਉਸ ਵਿਚ ਲੀਨ ਹੋ ਜਾਂਦੇ ਹਨ। ਇਸ ਪ੍ਰਕਾਰ ਸੰਗੀਤ ਸੁਣ ਕੇ ਲੀਣ ਹੋਣ ਦੀ ਸੰਥਿਤੀ ਵਿਚ ਵਿਅਕਤੀ ਪਰਮਾਤਮਾ ਨਾਲ ਮਿਲ ਜਾਂਦਾ ਹੈ। ਇਸ ਤੋਂ ਵੱਡੀ ਸ਼ਕਤੀ ਹੋਰ ਕਿਹੜੀ ਹੋ ਸਕਦੀ ਹੈ?

ਹਿੰਦੀ ਦੇ ਮਹਾਨ ਲਿਖਾਰੀ ਮੁਨਸ਼ੀ ਪ੍ਰੇਮ ਚੰਦ ਨੇ ਸੰਗੀਤ ਦੀ ਮਹੱਤਤਾ ਬਹੁਤ ਚੰਗੇ ਢੰਗ ਨਾਲ ਪੇਸ਼ ਕੀਤੀ ਹੈ ਕਿ "ਜਦੋਂ ਮਨੁੱਖੀ ਮਨ ਦੀ ਹਾਲਤ ਬਹੁਤ ਬੇਸਹਾਰਾ ਅਤੇ ਬੇਚੈਨ ਹੋ ਜਾਂਦੀ ਹੈ, ਉਸ ਨੂੰ ਕਿਧਰੇ ਵੀ ਚੈਲ ਨਹੀਂ ਮਿਲਦਾ ਤਾਂ ਉਹ ਸੰਗੀਤ ਦੇ ਚਰਨਾਂ ਵਿਚ ਜਾ ਡਿਗੱਦਾ ਹੈ ਅਤੇ ਉਸ ਦੇ ਮਨ ਨੂੰ ਸ਼ਾਂਤੀ ਪ੍ਰਾਪਤ ਹੁੰਦੀ ਹੈ।"

ਵੈਦਿਕ ਕਾਲ ਤੋ ਹੀ ਸੰਗੀਤ ਦਾ ਪ੍ਰਯੋਗ ਉਪਾਸਨਾ ਦੇ ਲਈ ਕੀਤਾ ਜਾਂਦਾ ਰਿਹਾ ਹੈ ਜਾਂ ਦੂਜੇ ਸ਼ਬਦਾਂ ਵਿਚ ਵੈਦਿਕ ਸੰਗੀਤ ਦੀ ਸਥਾਪਨਾ ਹੀ ਪਰਮਾਤਮਾ ਦੀ ਉਸਤਤ ਲਈ ਕੀਤੀ ਗਈ ਕਿਉਂਕਿ ਭਗਤੀ ਮਾਰਗ ਵਿਚ ਸੰਗੀਤ ਦੇ ਨਾਲ ਭਗਵਤ ਭਜਨ ਕਰਨ ਨਾਲ ਮਨ ਛੇਤੀ ਹੀ ਪਰਮਾਤਮਾ ਦੇ ਰੂਪ ਵਿਚ ਲੀਨ ਹੋ ਜਾਂਦਾ ਹੈ। ਇਸ ਦੇ ਦੋ ਕਾਰਨ ਹਨ ਸੰਗੀਤ ਤੋਂ ਬਗ਼ੈਰ ਨਾਮ ਉਚਾਰਨ ਮਾਤਰ ਕਰਦੇ ਸਮੇਂ ਮੂੰਹ ਸਿਰਫ਼ ਨਾਮ ਦਾ ਰਟਨ ਕਰਦਾ ਹੈ। ਮਨ ਤਾਂ ਦਸਾ ਦਿਸ਼ਾਵਾਂ ਵਿਚ ਫਿਰਦਾ ਰਹਿੰਦਾ ਹੈ ਪਰੰਤੂ ਸੰਗੀਤ ਦੇ ਨਾਲ ਸਮਰੂਪ ਜਾਂ ਉਸਤਤ ਕਰਦੇ ਸਮੇਂ ਸੰਗੀਤ ਤੋਂ ਜਿੰਨਾ ਪ੍ਰਸੰਨ ਹੁੰਦਾ ਹੈ ਉਨ੍ਹਾਂ ਦੂਜੇ ਸਾਧਨਾਂ ਨਾਲ ਨਹੀਂ ਹੁੰਦਾ।

ਇਸ ਪ੍ਰਕਾਰ ਆਰੀਆਂ ਨੇ ਵੀ ਪਰਮਾਤਮਾ ਦੀ ਉਪਾਸਨਾ ਕਰਨ ਲਈ ਸੰਗੀਤ ਦਾ ਹੀ ਉਪਯੋਗ ਕੀਤਾ। ਅੱਜ ਸਾਡੇ ਸਾਹਮਣੇ ਜੋ ਸੰਗੀਤ ਹੈ ਉਸ ਦੀ ਜੜ੍ਹਾਂ ਵੈਦਿਕ ਕਾਲ ਵਿਚ ਵੀ ਜੰਮ ਚੁੱਕੀਆਂ ਸਨ। ਵੈਦਿਕ ਕਾਲ ਵਿਚ ਦੋ ਪ੍ਰਕਾਰ ਦਾ ਸੰਗੀਤ ਸੀ: 'ਵੈਦਿਕ' ਅਤੇ 'ਲੌਕਿਕ', ਜੋ ਅੱਗੇ ਚੱਲ ਕੇ ਕ੍ਰਮਵਾਰ 'ਮਾਰਗ' ਅਤੇ 'ਦੇਸ਼ੀ' ਨਾਮ ਦੀਆਂ ਸੰਗਿਆਵਾਂ ਨਾਲ ਸੁਸ਼ੋਭਿਤ ਹੋਇਆ। ਮਾਰਗ ਦੇ ਅਧੀਨ 'ਸਾਮ ਗਾਇਨ' ਅਤੇ ਦੇਸ਼ੀ ਦੇ ਅਧੀਨ 'ਗਾਂਧਰਵ ਗਾਇਨ' ਆਇਆ ਜੋ ਰਾਮਾਇਣ ਅਤੇ ਮਹਾਂਭਾਰਤ ਕਾਲ ਤਕ ਪਹੁੰਚ ਕੇ 'ਮਾਰਗ ਸੰਗੀਤ ਕਿਹਾ ਜਾਣ ਲੱਗਾ।[6]

ਗਾਂਧਰਵ ਅਤੇ ਸਾਮ ਨੂੰ ਪਰਾਂਜਪੇ ਨੇ ਲੋਕ ਸੰਗੀਤ 'ਤੇ ਆਧਾਰਿਤ ਮੰਨਿਆ ਅਤੇ ਉਸ ਦੀ ਨੇਮਬੱਧਤਾ ਨੂੰ ਮਾਰਗ। ਸਾਮ-ਸੰਗੀਤ ਜਾਂ ਗਾਂਧਰਵ 'ਤੇ ਭਾਰਤੀ ਵਿਸ਼ਵਾਸ਼ ਜਾਂ ਮਾਨਤਾਵਾਂ ਪੂਰਨ ਤੌਰ 'ਤੇ ਵੱਖ-ਵੱਖ ਰਹੀਆਂ ਹਨ। ਸਾਮ ਨੂੰ 'ਅਲੌਕਿਕ' ਮੰਨਿਆ ਗਿਆ ਹੈ ਅਤੇ ਉਸ ਦਾ ਉਪਵੇਦ 'ਗਾਂਧਰਵ' ਹੈ । ਸੰਗੀਤ ਦੇ ਵੱਖ-ਵੱਖ ਪਹਿਲੂਆਂ ਨੂੰ ਉਸ ਉਦੇਸ਼ ਦੇ ਵੱਲ ਧਿਆਨ ਰੱਖਦੇ ਹੋਏ ਵੰਡਿਆ ਗਿਆ ਹੈ। ਸਾਮ ਦਾ ਉਦੇਸ਼ ਜ਼ਿਆਦਾਤਾਰ ਪਰਮਾਤਮਾ ਦੀ ਅਰਾਧਨਾ ਕਰਨਾ ਸੀ। ਸਾਮ ਤੋਂ ਇਲਾਵਾ ਕੁਝ ਵਿਸ਼ੇਸ਼ ਨਿਯਮਾਂ ਨਾਲ ਬੱਝੇ ਗੀਤ ਦੇਵਵਿਤਆਂ ਨੂੰ ਖੁਸ਼ ਕਰਨ ਲਈ ਗਾਏ ਜਾਂਦੇ ਸਨ ਜਿਨ੍ਹਾਂ ਨੇ ਸਾਮਿਕ ਨਿਯਮਾਂ

ਨਾਲ ਬੱਝੇ ਹੋਣ ਤੋਂ ਸਿੱਖਿਆ ਵਿਚ 'ਲੋਕਿਕ' ਦੀ ਸੰਗਿਆ ਪ੍ਰਾਪਤ ਕੀਤੀ।[7]

'ਸਿੱਖਿਆ' ਦੇ ਵਰਣਨ ਤੋਂ ਸਪੱਸ਼ਟ ਹੈ ਕਿ 'ਗਾਂਧਰਵ ਦਾ ਰੂਪ ਸਾਮ ਤੋਂ ਵੱਖਰਾ ਸੀ। 'ਗਾਂਧਰਵ' ਸ਼ਬਦ ਦਾ ਹੋਰਨਾਂ ਸਥਾਂਨਾਂ ਵਿਚ ਪ੍ਰਯੋਗ ਨਾਰਦ ਨੇ ਨਹੀ਼ ਕੀਤਾ, ਪਰੰਤੂ 'ਵੈਦਿਕ' 'ਚ 'ਲੌਕਿਕ' ਸ਼ਬਦ ਦਾ ਕਈ ਵਾਰ ਪ੍ਰਯੋਗ ਕੀਤਾ ਹੈ । ਇਸ ਲਈ ਅਸੀਂ ਅਜਿਹਾ ਸੋਚ ਸਕਦੇ ਹਾਂ ਕਿ ਲੌਕਿਕ ਸ਼ਬਦ ਦਾ ਵਿਵਹਾਰ 'ਗਾਂਧਰਵ' ਦੇ ਲਈ ਕੀਤਾ ਗਿਆ ਹੋਵੇਗਾ। ਪਰੰਤੂ ਭਰਤ ਨੇ ਗਾਂਧਰਵ ਨੂੰ ਸਾਮ ਤੋਂ ਹੀ ਉਤਪੰਨ ਮੰਨਿਆ ਹੈ।[8]

अर्त्यथमिष्टं देवानां तथा प्रीतकारं पुनः
तन्धर्त्वाणां च यस्माद्धि तस्यादगारन्ध्र्ववमच्यते
अस्य योनिर्भवदगानं वीणा वंशास्तथैव च
एतेषा चैव वक्ष्यामि विधिं स्वर समुत्थितम्।

ਅਭਿਨਵ ਗੁਪਤ ਨੇ ਗਾਂਧਰਵ ਦੀ ਵਿਆਖਿਆ ਇਸ ਪ੍ਰਕਾਰ ਕੀਤੀ ਹੈ:

'गा' वायं धरयनीती गान्धर्व, गन्धवणिमिदामिति च।

ਗਾਣਭੇਦ ਜੇਕਰ ਸ਼ਾਮ ਤੋਂ ਉਤਪੰਨ ਹੈ ਤਾਂ ਇਹ ਮੰਨਣਾ ਅਣਉਚਿਤ ਨਹੀਂ ਹੋਵੇਗਾ ਕਿ ਸਾਮ ਤੋਂ ਇਲਾਵਾ ਸਮੂਹ ਗਾਣਭੇਦ ਜੋ ਸਿੱਖਿਆ ਦੇ ਸਮੇਂ ਤਕ ਲੋਕਾਂ ਵਿਚ ਪ੍ਰਚਲਿਤ ਰਿਹਾ ਹੈ ਅਤੇ ਜਿਸ ਨੂੰ ਲੌਕਿਕ ਕਿਹਾ ਗਿਆ ਹੈ, ਭਰਤ ਨੇ ਵੀ ਉਸ ਨੂੰ ਚੰਗੀ ਤਰ੍ਹਾਂ ਜੋੜ ਕੇ 'ਗਾਂਧਰਵ' ਦੇ ਰੂਪ ਵਿਚ ਸਥਿਤ ਕੀਤਾ।[10] ਇਸੇ ਗਾਂਧਰਵੰਦਾ ਮੰਤਵ ਭੇਦ ਅਤੇ ਉਦੇਸ਼ ਭੇਦ ਨਾਲ ਦੋ ਭਾਗਾਂ ਵਿਚ ਵਿਭਾਜਨ ਹੋਇਆ ਜੋ ਗਾਂਧਰਵ ਅਤੇ ਗਾਨ ਦੇ ਨਾਮ ਨਾਲ ਜਾਣਿਆ ਗਿਆ। ਸਾਮੇਤਰ ਸੰਗੀਤ ਜੋ ਲੋਕਾਂ ਵਿਚ ਗਾਏ ਵਜਾਏ ਜਾਂਦੇ ਸੀ ਉਨ੍ਹਾਂ ਦੇ ਵਿਸ਼ੇਸ਼ ਰੂਪ ਨੂੰ ਜਿਨ੍ਹਾਂ ਦਾ ਉਦੇਸ਼ ਦੇਵਤਿਆਂ ਨੂੰ ਖੁਸ਼ ਕਰਨਾ ਅਤੇ ਮੁਕਤੀ ਦੀ ਪ੍ਰਾਪਤੀ ਜਾਂ ਉਸ ਨੂੰ 'ਗਾਂਧਰਵ' ਦੀ ਸੰਗਿਆ ਅਤੇ ਜਿਸ ਵਿਚ ਆਮ ਮਨੋਰੰਜਨ ਦਾ ਭਾਵ ਜ਼ਿਆਦਾ ਰਿਹਾ ਉਸ ਨੂੰ 'ਗਾਨ' ਦੀ ਸੰਗਿਆ ਦਿੱਤੀ ਗਈ।

ਭਰਤਾਚਾਰੀਆਂ ਦੇ ਅਨੁਸਾਰ, "ਗਾਂਧਰਵ ਵਿਚ ਸੁਰ , ਤਾਲ ਅਤੇ ਪਦ ਤਿੰਨਾਂ ਅੰਗਾਂ ਦਾ ਹੋਣਾ ਲਾਜ਼ਮੀ ਹੈ।" ਸਾਰਥਕ ਦਾ ਸਮੂਹ ਸੁਰ ਅਤੇ ਤਾਲ ਵਿਚ ਰਚਿਤ ਹੋ ਕੇ ਗੀਤ ਅਖਵਾਉਂਦਾ ਹੈ। ਵੀਣਾ ਅਤੇ ਵੰਸ਼ੀ ਇਸ ਦੇ ਸ਼ਾਗਿਰਦ ਹਨ। ਗੀਤ ਦੀ ਪ੍ਰਧਾਨਤਾ ਹੋਣ ਦੇ ਕਾਰਨ ਇਸੇ ਗਾਂਧਰਵ ਨੂੰ 'ਸੰਗੀਤ' ਆਖਦੇ ਹਨ।

ਇਸ ਪ੍ਰਕਾਰ ਅਸੀਂ ਕਹਿ ਸਕਦੇ ਹਾਂ ਕਿ 'ਸੰਗੀਤ' ਬਾਅਦ ਵਿਚ ਪ੍ਰਚਲਿਤ ਸ਼ਬਦ ਹੈ। ਪ੍ਰਾਚੀਨ ਕਾਲ ਵਿਚ ਸੰਗੀਤ ਦੇ ਸਥਾਨ ਤੇ 'ਗਾਂਧਰਵ' ਸ਼ਬਦ ਦਾ ਪ੍ਰਯੋਗ ਮਿਲਦਾ ਹੈ। ਬਾਲਮੀਕਿ ਦੀ ਰਮਾਇਣ ਵਿਚ ਲਵ ਕੁਸ਼ ਦੇ ਰਾਮਾਇਣ ਗਾਇਨ ਦੇ ਲਈ 'ਗਾਂਧਰਵ' ਸ਼ਬਦ ਦਾ ਪ੍ਰਯੋਗ ਮਿਲਦਾ ਹੈ। ਜੋ ਗੀਤ ਅਤੇ ਸਾਜ਼ ਦੇ ਲਈ ਹੀ ਹੈ। ਭਰਤ ਮੁਨੀ ਨੇ ਵੀ ਗਾਂਧਰਵ ਸ਼ਬਦ ਦਾ ਪ੍ਰਯੋਗ ਗੀਤ ਅਤੇ ਸਾਜ਼ ਦੇ ਲਈ ਹੀ ਕੀਤਾ ਹੈ। ਅੱਜ ਵੀ 'ਸੰਗੀਤ' ਸ਼ਬਦ ਦਾ ਪ੍ਰਯੋਗ ਆਮ ਤੌਰ 'ਤੇ ਗੀਤ ਅਤੇ ਸਾਜ਼ ਦੇ ਲਈ ਹੀ ਹੁੰਦਾ ਹੈ।[11]

## ਹਵਾਲੇ ਤੇ ਟਿੱਪਣੀਆਂ


1. ਸੰਗੀਤ ਰਤਨਾਕਰ ਸਵਗਰਤਧਿਆਇ, ਪਹਿਲਾ ਭਾਗ, ਸ਼ਾਂਰੰਗਵੇਦ, ਪੰਨਾ 13.
2. ਭਗਤੀ ਸੰਗੀਤ ਦਾ ਇਤਿਹਾਸ, ਸ਼ਰਤਚੰਦਰ ਪਰਾਂਪਜੇ, ਪੰਨਾ 19.
3. ਸੰਗੀਤ ਸ਼ਾਸਤਰ, ਕੇ, ਵਾਸੁਦੇਵ ਸ਼ਾਸ਼ਤਰੀ, ਪੰਨਾ 1.
4. ਉੱਤਰ ਭਾਰਤ ਸੰਗੀਤ ਮੇਂ ਬ੍ਰਿਜ ਕਾ ਯੋਗਦਾਨ, ਕੁ. ਰਾਕੇਸ਼ ਘਈ, ਪੰਨਾ 1.
5. ਸੰਗੀਤ ਸ਼ਾਸ਼ਤਰ, ਕੇ. ਵਾਸੁਦੇਵ ਸ਼ਾਸਤਰੀ, ਪੰਨਾ 1.
6. ਸੰਗੀਤ ਬੋਧ, ਸ਼ਰਤਚੰਦਰ ਪਰਾਂਜਪੇ, ਪੰਨਾ 41.
7. ਸਵਰ ਅਤੇ ਰਾਗਾਂ ਦੇ ਵਿਕਾਸ ਕਾਰਜਾਂ ਵਿਚ ਸਾਜ਼ਾਂ ਦਾ ਯੋਗਦਾਨ ਇੰਦਰਾਣੀ ਚੱਕਰਵਰਤੀ,ਪੰਨਾ 39
8. ਉਹੀ, ਪੰਨਾ 41.
9. ਉਹੀ .
10. ਉਹੀ, ਪੰਨਾ 19.
11. ਸੰਗੀਤ ਪੱਤਰਿਕਾ, ਜਨਵਰੀ 1970, ਪੰਨਾ 10.



ਲੈਕਚਰਾਰ, ਸੰਗੀਤ ਵੋਕਲ, ਖਾਲਸਾ ਕਾਲਜ ਫਾਰ ਵੋਮੈਨ, ਅੰਮ੍ਰਿਤਸਰ



**Now you can read Amrit Kirtan & Download Kirtan of Dr. Jagir Singh from www.amritkirtan.com**

**Send this information to your friends**

## What to do in case your mobile is lost

Please note mobile is our personal identity. If Mobile lands in hands of criminal, we will be held responsible for their act. Please note how to protect our self.

Nowadays each one of us carry Hi-Fi Mobile devices and always afraid that it may be stolen. Each mobile carries a unique IMEI i.e. International Mobile Identity Number. which can be used to track your mobile anywhere in the world. This is how it works!!!!

1. Dial *#06# from your Mobile.
2. Your Mobile shows a unique 15 digit number.
3. Note down this Number anywhere but except your mobile as this is the Number which will help tract your Mobile in case of a theft.
4. Once stolen your just have to mail this 15 digit IMEI No. to cop@vsnl.net.
5. No need to go to police.
6. Your Mobile will be traced within next 25 Hrs. via a complex system of GPRS and internet.
7. You will find where your hand set is being operated even in case you No. is being changed.

PASS THIS VERY IMPORTANT MESSAGE TO ALL YOUR FRIENDS AND RELATIVES.

If you lose your mobile, send an e-mail to cop@vsnl.net with the following information.

Your name : Address : Phone Mobile : Make :

Last used No. : E-mail for Communication

Missing Date : IMEI No. :

Please circulate it to your well wishers & friends.

Courtesy : JPS Bedi (LM-37)
The Glorious Years.
# 903, Phase 3B2, SAS Nagar (Mohali)

*With best compliments from a wellwisher*

## ਸੁਰ ਲਿਪੀ : ਜਬਰਜੰਗ ਸਿੰਘ

| | | | |
|---|---|---|---|
| ਰਾਗ | : ਗੂਜਰੀ | ਜਾਤੀ | : ਸ਼ਾੜਵ – ਸ਼ਾੜਵ |
| ਥਾਟ | : ਤੋੜੀ | ਵਾਦੀ ਸੁਰ | : ਧੈਵਤ ਕੋਮਲ (ਧੁ) |
| ਸੁਰ | : ਰੇ, ਗੁ, ਧੁ ਕੋਮਲ, ਮ ਤੀਵਰ ਬਾਕੀ ਸ਼ੁੱਧ | ਸੰਵਾਦੀ ਸੁਰ | : ਰਿਸ਼ਭ ਕੋਮਲ (ਰੇ) |
| ਵਰਜਿਤ ਸੁਰ | : ਪੰਚਮ (ਪ) | ਸਮਾਂ | : ਦਿਨ ਦਾ ਦੂਸਰਾ ਪਹਿਰ |
| ਆਰੋਹ | : ਸ ਰੇ, ਗੁ, ਮ ਧੁ, ਨੀ ਸਂ | ਅਵਰੋਹ | : ਸਂ ਨੀ ਧੁ, ਮ ਗੁ ਰੇ, ਰੇ ਗੁ ਰੇ ਸ |

ਵਿਸ਼ੇਸ਼ ਸੁਰ ਸੰਗਤੀ : ਗੁ ਮ ਧੁS, ਮ ਧੁ ਨੀ ਧੁS, ਮ ਧੁ ਮ ਗੁ ਰੇ, ਰੇ ਗੁ ਰੇ ਸ

### ਰਾਗ : ਗੂਜਰੀ ਤਾਲ : ਦੀਪਚੰਦੀ

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 |
|---|---|---|---|---|---|---|---|---|---|---|---|---|---|
| | | | | | | | | ਸਥਾਈ | | | | । | |
| | | | | | | | | | | ਗੁ | – | ਮ | ਧੁ |
| | | | | | | | | | | ਕੇ | S | ਵ | ਲ |
| | | | | | | | । | | | । | | । | |
| ਸਂ | – | – | ਨੀ | ਧੁ | – | – | ਮ | ਗੁ | – | ਮ | – | ਮ | – |
| ਰਾ | S | S | ਮ | S | S | S | ਨਾ | S | S | ਮ | S | ਮ | S |
| | | । | | | | | । | | | | | | |
| ਧੁ | – | ਮ | ਧੁ | – | – | – | ਮ | ਗੁ | ਰੇ | ਸ | – | ਸ | ਸ |
| ਨੋ | S | ਰ | ਮੰ | S | S | S | S | S | S | S | S | ਬ | ਦਿ |
| | | | | | | | | | | | । | | । |
| ਰੇ | – | – | ਗੁ | – | ਗੁ | – | – | – | – | ਗੁ | ਮ | ਧੁ | ਮ |
| ਅੰ | S | S | ਮ੍ਰਿ | S | ਤ | S | S | S | S | ਤ | S | ਤ | ਮਇ |
| ਗੁ | ਰੇ | – | ਸ | – | – | – | ਸ | – | – | – | – | ਸ | ਸ |
| ਅੰ | S | S | S | S | S | S | S | S | S | S | S | ਨ | ਦ |
| | | | | | । | । | | | | । | | । | |
| ਰੇ | – | ਰੇ | ਗੁ | ਗੁ | ਮ | ਮ | ਧੁ | – | ਧੁ | ਮ | ਗੁ | ਮ | ਧੁ |
| ਨੋ | S | ਤਿ | ਜ | ਸ | ਮ | ਰ | ਨੇ | S | ਨ | ਜ | ਨ | ਮ | ਜ |
| | | | | | । | | | | | | | | |
| ਸਂ | – | ਸਂ | ਨੀ | ਧੁ | ਮ | ਗੁ | ਰੇ | ਸ | – | | | | |
| ਰਾ | S | ਧਿ | ਮ | ਰ | ਣ | ਭਇ | ਅੰ | S | S | | | | |

ਅੰਤਰਾ

| | | | | | | | | | | | | | |
|---|---|---|---|---|---|---|---|---|---|---|---|---|---|
| | | | | | | | | | | । | | । | |
| | | | | | | | | | | ਮ | ਗੁ | ਮ | ਧੁ |
| | | | | | | | | | | ਪ | ਰ | ਮਾ | ਦਿ |
| ਸਂ | ਸਂ | ਸਂ | ਸਂ | ਸਂ | ਸਂ | ਸਂ | – | – | – | ਸਂ | ਸਂ | ਰੇਂ | ਗੁਂ |
| ਪੁ | ਰ | ਖ | ਮ | ਨੋ | ਪਿ | ਮੰ | S | S | S | ਸ | ਤਿ | ਆ | ਦਿ |
| ਰੇਂ | – | ਰੇਂ | ਸਂ | – | ਸਂ | – | – | – | – | ਨੀ | ਸਂ | ਨੀ | ਧੁ |
| ਭਾ | S | ਵ | ਰ | S | ਤੰ | S | S | S | S | ਪ | ਰ | ਮ | ਦ |
| । | | | | | | | | | | । | | | । |
| ਮ | ਗੁ | – | ਧੁ | ਧੁ | ਧੁ | ਧੁ | – | – | – | ਮ | ਗੁ | ਧੁ | ਮ |
| ਭੁ | ਤੰ | S | ਪ | ਰ | ਕ੍ਰਿ | ਤਿ | S | S | S | ਜ | ਦਿ | ਚਿੰ | S |
| | | | | | | । | | | | | | | |
| ਗੁ | – | ਰੇ | ਸ | ਰੇ | ਗੁ | ਮ | ਧੁ | – | – | | | | |
| ਤਿ | S | S | ਸ | ਰ | ਬ | ਗ | ਤੰ | S | S | | | | |
| × | | | 2 | | | | 0 | | | 3 | | | |

ਮੋਦੀ ਕਾਲਜ, ਪਟਿਆਲਾ


Hot millions ®

Salad Bar & Restaurant

Serving Indian, Chinese, Continental & Italian Food
with a regular Indian & Salad Buffet



For Free Home Delivery
(above Rs. 100/- )

CHD 2723333 SALAD BAR 2723222
PKL 2579888 MOH 2264300



CONTAINS NO FRUIT / CONTAINS ADDED FLAVOUR

SCO 76-79,(First Floor) Sector 17-E, Chandigarh. Tel: 272322, 2723111, 2704858

PEPSI

ਗੂਜਰੀ ਸ੍ਰੀ ਜੈਦੇਵ ਜੀਉ ਕਾ ਪਦਾ ਘਰੁ ੪

Goojaree, Padas Of Jai Dayv Jee, Fourth House:

ੴ ਸਤਿਗੁਰ ਪ੍ਰਸਾਦਿ ॥

One Universal Creator God. By The Grace Of The True Guru:

ਪਰਮਾਦਿ ਪੁਰਖਮਨੋਪਿਮੰ ਸਤਿ ਆਦਿ ਭਾਵ ਰਤੰ ॥

In the very beginning, was the Primal Lord, unrivalled, the Lover of Truth and other virtues.

ਪਰਮਦਭੁਤੰ ਪਰਕ੍ਰਿਤਿ ਪਰੰ ਜਦਿਚਿੰਤਿ ਸਰਬ ਗਤੰ ॥੧॥

He is absolutely wonderful, transcending creation; remembering Him, all are emancipated. ||1||

ਕੇਵਲ ਰਾਮ ਨਾਮ ਮਨੋਰਮੰ ॥

Dwell only upon the beauteous Name of the Lord,

ਬਦਿ ਅੰਮ੍ਰਿਤ ਤਤ ਮਇਅੰ ॥

the embodiment of ambrosial nectar and reality.

ਨ ਦਨੋਤਿ ਜਸਮਰਣੇਨ ਜਨਮ ਜਰਾਧਿ ਮਰਣ ਭਇਅੰ ॥੧॥ ਰਹਾਉ ॥

Remembering Him in meditation, the fear of birth, old age and death will not trouble you. ||1||Pause||

ਇਛਸਿ ਜਮਾਦਿ ਪਰਾਭਯੰ ਜਸੁ ਸ੍ਵਸਤਿ ਸੁਕ੍ਰਿਤ ਕ੍ਰਿਤੰ ॥

If you desire to escape the fear of the Messenger of Death, then praise the Lord joyfully, and do good deeds.

ਭਵ ਭੂਤ ਭਾਵ ਸਮਬ੍ਯਿਅੰ ਪਰਮੰ ਪ੍ਰਸੰਨਮਿਦੰ ॥੨॥

In the past, present and future, He is always the same; He is the embodiment of supreme bliss. ||2||

ਲੋਭਾਦਿ ਦ੍ਰਿਸਟਿ ਪਰ ਗ੍ਰਿਹੰ ਜਦਿਬਿਧਿ ਆਚਰਣੰ ॥

If you seek the path of good conduct, forsake greed, and do not look upon other men's property and women.

ਤਜਿ ਸਕਲ ਦੁਹਕ੍ਰਿਤ ਦੁਰਮਤੀ ਭਜੁ ਚਕ੍ਰਧਰ ਸਰਣੰ ॥੩॥

Renounce all evil actions and evil inclinations, and hurry to the Sanctuary of the Lord. ||3||

ਹਰਿ ਭਗਤ ਨਿਜ ਨਿਹਕੇਵਲਾ ਰਿਦ ਕਰਮਣਾ ਬਚਸਾ ॥

Worship the immaculate Lord, in thought, word and deed.

ਜੋਗੇਨ ਕਿੰ ਜਗੇਨ ਕਿੰ ਦਾਨੇਨ ਕਿੰ ਤਪਸਾ ॥੪॥

What is the good of practicing Yoga, giving feasts and charity, and practicing penance? ||4||

ਗੋਬਿੰਦ ਗੋਬਿੰਦੇਤਿ ਜਪਿ ਨਰ ਸਕਲ ਸਿਧਿ ਪਦੰ ॥

Meditate on the Lord of the Universe, the Lord of the Universe, O man; He is the source of all the spiritual powers of the Siddhas.

ਜੈਦੇਵ ਆਇਉ ਤਸ ਸਫੁਟੰ ਭਵ ਭੂਤ ਸਰਬ ਗਤੰ ॥੫॥੧॥

Jai Dayv has openly come to Him; He is the salvation of all, in the past, present and future. ||5||1||

# GURSIKH SANJOG

A Matrimonial Fortnightly

&

## GURSIKH MATRIMONIAL SERVICE

*Jointly organise*

# 13th GURSIKH MATRIMONIAL MEET

of

# GURSIKH BOYS & GIRLS

along with their parents
on

# 2nd October 2011 (Sunday)

Contact for Registration:
**Guru Nanak Library**
**Gurdwara Akali Baba Phoola Singh**
**Rajinder Nagar (Nr. Karol Bagh Metro Station)**
**New Delhi-110060**
**T. No. 011-65849479 / 25862955**
***(Timings : 10 am to 1 pm & 6 to 8pm, Sunday closed)***
**OR**
**21/47 (F/F) Near Water Tank**
**Rajinder Nagar, New Delhi-110060**
**T. No. 011-25736468**
***(Timings : 3.30 5.30 pm)***
**Mobile : 9810064036 / 9810083482 / 9811749048 / 9313789078 / 9868851568 / 9312254047 / 9968060466**
**E. Mail: gursikhsanjog@yahoo.com**

Postal Regd. No. G/CDH/0045/2009-10 RNI Regd. No. 46788/89 ISSN 0972-2335

ੴ

**ਭਜਹੁ ਗੋਬਿੰਦ**

**BHAJO GOBIND**

ਗੁਰਬਾਣੀ ਕੀਰਤਨ

ਡਾ. ਜਾਗੀਰ ਸਿੰਘ, ਚੰਡੀਗੜ੍ਹ

- Bhajo Gobind
- Kirpa Nidh
- Sahib Nitania ka Taan
- Mere Sahiba

–ਭਜਹੁ ਗੋਬਿੰਦ – ਕ੍ਰਿਪਾ ਨਿਧਿ
– ਸਾਹਿਬ ਨਿਤਾਣਿਆਂ ਕਾ ਤਾਣ – ਮੇਰੇ ਸਾਹਿਬਾ

**DR. JAGIR SINGH**
# 422, Sector 15-A, Chandigarh
Ph : 0172-2772660, 098140 53630
e-mail : drjagirsingh@gmail.com
www.amritkirtan.com

ਇਹ ਸੀ. ਡੀ. ਮੁਫਤ ਪ੍ਰਾਪਤ ਕਰਨ ਲਈ ਆਪਣਾ ਪਤਾ ਅਤੇ ਮੋਬਾਇਲ ਨੰਬਰ ਐਸ. ਐੱਮ. ਐਸ., ਈ. ਮੇਲ ਜਾਂ ਡਾਕ ਰਾਹੀਂ ਭੇਜਣ ਦੀ ਖੇਚਲ ਕਰੋ ਜੀ।

# ਅੰਮ੍ਰਿਤ ਕੀਰਤਨ

# 422, ਸੈਕਟਰ 15-ਏ, ਚੰਡੀਗੜ੍ਹ–160 015
ਮੋਬਾਇਲ : 09814053630
**E-mail : drjagirsingh@gmail.com Website : www.amritkirtan.com**